SAINI BHAWAN RUPNAGAR
PUNJAB
ਸਰਬਤ ਦਾ ਭਲਾ
Estd. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

# ਸੈਣੀ ਸੰਸਾਰ
# Saini Sansar

57
July - Sep. 2025




## ਅੰਦਰ ਪੜ੍ਹੋ

- ਸੈਣੀ ਭਵਨ ਦੀਆਂ ਸਰਗਰਮੀਆਂ
- ਜਿਨ੍ਹਾਂ ਗੁਰਧਾਮਾਂ ਤੋਂ ਸਾਨੂੰ ਵਿਛੋੜਿਆ ਗਿਆ
- ਸੈਣੀ ਸਿੱਖ ਯੋਧੇ
- ਕੁਦਰਤ ਦੇ ਅਜੂਬੇ
- ਦੇਖਿਆ ਜਾਣਿਆਂ ਵੀਅਤਨਾਮ
- ਨਰੋਈ ਜੀਵਨ-ਜਾਚ
- ਸਾਹਿਤਕ ਰਚਨਾਵਾਂ
- ਮੈਟਰੀਮੋਨੀਅਲਜ਼

PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

R.N.I. No. : PUNBIL/2011/48578

**Volume - XV, Issue - 3** **July - Sep. 2025**

# *Saini Sansar*

(Quarterly)

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**
**Late Sh. L.R. Mundra**
Asstt. Police Commissioner (Delhi) (Retd.)

**CHIEF EDITOR**
**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate (Retd.)
Ph. : 94646-49922

**MANAGER (Circulation)**
**S. Jagdev Singh**
J.E. PSPCL (Retd.)
Ph. : 98883-96364

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Daljit Singh**
Desk Controller, PSPCL (Retd.)
Ph. : 99148-30323

**ADVISORS :**

| | | |
|---|---|---|
| **India** | : | **S. Bahadurjeet Singh** President Rupnagar Press Club.<br>**Dr. Narinder 'Nindi'** Director Pb. Arts International Chd. |
| **Australia** | : | **Harjit Singh Saini (Lasara)**<br>#41, Morris Crescent, Bellbird Park, 4300 Lpswic QLD-Australia |
| **U.S.A.** | : | **Dr. Manavpreet Kaur** Professor (English)<br># 10936, Brighton Lane, Frisco, Tx-75033 (USA) |
| **U.K.** | : | **Sh. Tarsem Singh Saini**<br># 14, Forest Road, Cambridge-CB1 9JB (U.K.) |
| **Canada** | : | **Dr. D.P. Singh**<br># 2516, Pollard, Drive Mississauga, Ontario, Canada-LSC3HI |

| **Subscription / Assistance Money** | **India** | **Abroad** |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| **ਚੰਦਾ/ਸਹਾਇਤਾ ਰਾਸ਼ੀ** | **ਭਾਰਤ** | **ਵਿਦੇਸ਼** |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ______ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Make any type of Payment Through QR Code & Inform Saini Bhawan

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 06.07.2025**

# ਸੈਣੀ ਸੰਸਾਰ

ਜਿਲਦ 15, ਅੰਕ 3 (ਤਿਮਾਹੀ) ਜੁਲਾਈ - ਸਤੰਬਰ 2025

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com
ਫੋਨ : 9876626588

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

ਮੁੱਖ ਪੰਨੇ 'ਤੇ ਫੋਟੋ : ਚੱਪੜਚਿੜੀ ਵਿਖੇ ਬੰਦਾ ਸਿੰਘ ਬਹਾਦਰ ਦੀ ਸਰਹਿੰਦ 'ਤੇ ਜਿੱਤ ਦਾ ਪ੍ਰਤੀਕ ਫਤਿਹ ਬੁਰਜ।

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ - ਪਹਿਲਗਾਮ ਦਹਿਸ਼ਤੀ ਹਮਲੇ ਦਾ ਪਰਛਾਵਾਂ | 3-4 |
| ਸੈਣੀ ਭਵਨ ਦੀਆਂ ਸਰਗਰਮੀਆਂ | 5-7 |
| ਬੱਬਰਾਂ ਦੀ ਠਾਹਰ-ਪਿੰਡ ਪੰਡੋਰੀ ਗੰਗਾ ਸਿੰਘ ਦੇ ਸੈਣੀ ਯੋਧੇ | 8-9 |
| ਯਾਤਰਾ - ਜਿਨ੍ਹਾਂ ਗੁਰਧਾਮਾਂ ਤੋਂ ਸਾਨੂੰ ਵਿਛੋੜਿਆ ਗਿਆ | 10-11 |
| ਕਵਿਤਾਵਾਂ | 12 |
| ਲੇਖ ...ਨਾਨਕ ਕਿਛੁ ਸੁਣੀਐ ਕਿਛੁ ਕਹੀਐ | 13-14 |
| ਦਾਨੀ ਸੱਜਣ | 15 |
| ਕਹਾਣੀ - ਸਪੁੱਤੀ | 16-17 |
| ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ.. | 17 |
| ਜਿਨ੍ਹਾਂ ਸਾਡਾ ਮਾਣ ਵਧਾਇਆ ਹੈ | 18-19 |
| ਕੁਦਰਤੀ ਅਜੂਬੇ | 20 |
| ਲੇਖ-ਵਗਦੇ ਪਾਣੀਆਂ ਜਿਹੀ ਹੋਵੇ ਜ਼ਿੰਦਗੀ | 21-22 |
| ਲੇਖ - ਭਟਕਣਾ | 23 |
| ਮਿੰਨੀ ਕਹਾਣੀ - ਪੱਥਰ ਪੁੱਤ | 24 |
| ਲੇਖ - ਲੜਕੀਆਂ ਪ੍ਰਤੀ ਸੋਚ ਬਦਲਣ ਦੀ ਲੋੜ | 25 |
| ਵੀਅਤਨਾਮ ਦੇਸ਼ ਦੀ ਸੈਰ | 26-28 |
| ਕਵਿਤਾ - ਕਲਜੁਗ | 28 |
| Do You Know | 29 |
| ਕਵਿਤਾ - ਮੈਨੂੰ ਇਹ ਪੰਜਾਬ ਚਾਹੀਦਾ | 30 |
| ਜ਼ਿੰਦਗੀ ਨੂੰ ਸੋਹਣੀ ਤੇ ਸੁਚੱਜੀ ਤਰ੍ਹਾਂ ਗੁਜ਼ਾਰਨਾ ਵੀ ਹੈ ਕਲਾ | 31 |
| ਕੈਨੇਡਾ ਵਿੱਚ ਪੰਜਾਬੀਆਂ ਦੀ ਸਰਦਾਰੀ | 32 |
| Matrimonials | 33-40 |


## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

## ਸੰਪਾਦਕੀ



# ਪਹਿਲਗਾਮ ਦਹਿਸ਼ਤੀ ਹਮਲੇ ਦਾ ਪਰਛਾਵਾਂ

ਅਜਮੇਰ ਸਿੰਘ (ਡਾ.)
ਰੂਪਨਗਰ

ਜੰਮੂ ਕਸ਼ਮੀਰ ਦੇ ਰਮਣੀਕ ਸੈਲਾਨੀ ਸਥਾਨ ਪਹਿਲਗਾਮ ਵਿੱਚ 22 ਅਪ੍ਰੈਲ, 2025 ਨੂੰ ਹੋਏ ਦਹਿਸ਼ਤੀ ਹਮਲੇ ਵਿੱਚ 26 ਨਿਰਦੋਸ਼ ਭਾਰਤੀ ਮਾਰੇ ਗਏ। ਇਸ ਨਾਲ ਸਮੁੱਚਾ ਦੇਸ਼ ਸੋਗ ਵਿੱਚ ਡੁੱਬ ਗਿਆ। ਜਿਵੇਂ ਬੇਖ਼ੌਫ਼ ਹੋ ਕੇ ਚਾਰ ਹਥਿਆਰਬੰਦ ਦਹਿਸ਼ਤਗਰਦਾਂ ਨੇ ਇਹ ਕਾਰਾ ਕੀਤਾ ਅਤੇ ਉਹ ਬੜੇ ਆਰਾਮ ਨਾਲ ਬੈਸਰਨ ਵਾਦੀ ਵਿੱਚੋਂ ਬਚ ਕੇ ਨਿਕਲਣ ਵਿੱਚ ਸਫ਼ਲ ਹੋ ਗਏ, ਇਸ ਨਾਲ ਦੇਸ਼ ਦਾ ਸਾਰਾ ਖੁਫ਼ੀਆਤੰਤਰ ਅਤੇ ਸੁਰੱਖਿਆ ਢਾਂਚਾ ਹਿੱਲ ਗਿਆ। ਇਸ ਘਿਨੌਣੇ ਕਤਲੇਆਮ ਸਮੇਂ ਆਦਿਲ ਹੁਸੈਨ ਸ਼ਾਹ ਅਤੇ ਨਜ਼ਾਕਤ ਅਲੀ ਜਿਹੇ ਮੁਸਲਮਾਨ ਕਾਮਿਆਂ ਨੇ ਕਿਸੇ ਧਰਮ ਤੇ ਜਾਤ ਦਾ ਫ਼ਰਕ ਕੀਤੇ ਬਗੈਰ ਇਨਸਾਨੀਅਤ ਦਾ ਫ਼ਰਜ਼ ਨਿਭਾਉਂਦਿਆਂ ਕਈ ਸੈਲਾਨੀਆਂ ਦੀਆਂ ਜਾਨਾਂ ਬਚਾਈਆਂ। ਵਿਸ਼ਵ ਦੇ ਸਾਰੇ ਦੇਸ਼ਾਂ ਸਮੇਤ ਪਾਕਿਸਤਾਨ ਨੇ ਇਸ ਭਿਆਨਕ ਕਾਰੇ ਦੀ ਨਿੰਦਾ ਕੀਤੀ। ਕਸ਼ਮੀਰ ਦੇ ਅਵਾਮ ਨੇ ਇਕਸੁਰ ਹੁੰਦਿਆਂ ਇਸ ਅਣਮਨੁੱਖੀ ਕਾਰੇ ਖਿਲਾਫ਼ ਆਵਾਜ਼ ਬੁਲੰਦ ਕੀਤੀ। ਸਿਰਫ਼ ਸਿਆਸਤਦਾਨ, ਕਾਰੋਬਾਰੀ ਤੇ ਪੇਸ਼ੇਵਰ ਜਥੇਬੰਦੀਆਂ ਨੇ ਹੀ ਨਹੀਂ ਸਗੋਂ ਆਮ ਸਿਆਸਤ ਤੋਂ ਬੇਲਾਗ ਰਹਿਣ ਵਾਲੇ ਅਣਜਾਣ ਮਰਦਾਂ ਤੇ ਔਰਤਾਂ ਨੇ ਸੜਕਾਂ 'ਤੇ ਨਿਕਲ ਕੇ ਮਰਨ ਵਾਲਿਆਂ ਪ੍ਰਤੀ ਸੰਵੇਦਨਾ ਜਤਾਈ ਅਤੇ ਮਾਨਵਤਾ ਖ਼ਿਲਾਫ਼ ਅਪਰਾਧ ਕਰਨ ਵਾਲਿਆਂ ਖ਼ਿਲਾਫ਼ ਡਟ ਕੇ ਸਟੈਂਡ ਲੈਂਦਿਆ ਨਾਹਰਾ ਲਾਇਆ,'ਸਾਡਾ ਨਾ ਲੈ ਕੇ ਇਹ ਸਭ ਨਾ ਕਰੋ'। ਇਹ ਭਾਰਤੀ ਭਾਈਚਾਰੇ ਦੀ ਏਕਤਾ ਦਾ ਸਬੂਤ ਸੀ। ਇਸ ਦੇ ਬਾਵਜੂਦ ਕੁੱਝ ਕੱਟੜਵਾਦੀ ਸੰਸਥਾਵਾਂ ਨੇ ਕਾਤਲਾਂ ਨੂੰ ਇੱਕ ਵਿਸ਼ੇਸ਼ ਧਰਮ ਨਾਲ ਜੋੜ ਕੇ ਸੰਪ੍ਰਦਾਇਕਤਾ ਫੈਲਾਉਣ ਦੀ ਕੋਸ਼ਿਸ਼ ਕੀਤੀ।

ਭਾਰਤ ਨੇ ਇਸ ਮਨੁੱਖਤਾਵਿਰੋਧੀ ਕਾਰੇ ਵਿੱਚ ਸੀਮਾਂਪਾਰ ਦੇ ਦਹਿਸ਼ਤਗਰਦਾਂ ਦਾ ਹੱਥ ਹੋਣ ਦੀ ਸ਼ੰਕਾ ਪ੍ਰਗਟ ਕਰਦਿਆਂ ਪਾਕਿਸਤਾਨ ਨਾਲ ਕੂਟਨੀਤਿਕ ਸਬੰਧਾਂ ਵਿੱਚ ਕਟੌਤੀ ਕਰਦਿਆਂ ਅਟਾਰੀ ਬਾਰਡਰ ਬੰਦ ਕਰ ਦਿੱਤਾ ਅਤੇ ਸਿੰਧ ਜਲ ਸਮਝੌਤਾ ਮੁਅੱਤਲ ਕਰਨ ਦਾ ਐਲਾਨ ਕਰ ਦਿੱਤਾ। ਪਾਕਿਸਤਾਨ ਨੇ ਦੋਸ਼ੀਆਂ ਦੀ ਨਾਗਰਿਕਤਾ ਦੀ ਪਹਿਚਾਣ ਕੀਤੇ ਬਗੈਰ ਭਾਰਤ ਵਲੋਂ ਲਗਾਏ ਗਏ ਇਨ੍ਹਾਂ ਦੋਸ਼ਾਂ ਦਾ ਖੰਡਨ ਕਰਦਿਆਂ ਨਿਰਪੱਖ ਅੰਤਰਰਾਸ਼ਟਰੀ ਤਫ਼ਤੀਸ਼ਕਾਰਾਂ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਜਿਸ ਨੂੰ ਭਾਰਤ ਨੇ ਨਾਮੰਜ਼ੂਰ ਕਰ ਦਿੱਤਾ। ਨਵੀਂ ਦਿੱਲੀ ਨੇ ਧੀਰਜ ਨਾਲ ਦੋ ਹਫ਼ਤਿਆਂ ਤੱਕ ਉਡੀਕ ਕੀਤੀ, ਇਸ ਉਮੀਦ ਨਾਲ ਕਿ ਇਸਲਾਮਾਬਾਦ ਅਤਿਵਾਦੀਆਂ ਖ਼ਿਲਾਫ਼ ਕੋਈ ਕਾਰਵਾਈ ਕਰੇਗਾ। ਪਰ ਉਸ ਨੇ ਉਲਟ ਭਾਰਤ 'ਤੇ ਕਸ਼ਮੀਰ ਮਸਲੇ ਤੋਂ ਦੁਨੀਆਂ ਦਾ ਧਿਆਨ ਮੋੜਨ ਅਤੇ ਘਰੇਲੂ ਕਾਰਨਾਂ ਕਰ ਕੇ 'ਫਾਲਸ ਫਲੈਗ' ਅਪਰੇਸ਼ਨ ਦੇ ਦੋਸ਼ ਮੜ੍ਹ ਦਿੱਤੇ। ਇਸ ਤੋਂ ਕ੍ਰੋਧਿਤ ਹੋ ਕੇ ਭਾਰਤ ਨੇ 'ਅਪਰੇਸ਼ਨ ਸਿੰਧੂਰ' ਨਾਂ ਹੇਠ 6-7 ਮਈ, 2025 ਦੀ ਰਾਤ ਨੂੰ ਪਾਕਿਸਤਾਨ ਦੇ ਦਹਿਸ਼ਤੀਤੰਤਰ ਦੇ ਦਿਲ 'ਤੇ ਮਿਜ਼ਾਈਲਾਂ, ਬੰਬਾਂ, ਡਰੋਨਾਂ ਅਤੇ ਹੋਰ ਹਥਿਆਰਾਂ ਨਾਲ ਲੜੀਵਾਰ ਸਟੀਕ ਹਮਲੇ ਕੀਤੇ ਜਿਨ੍ਹਾਂ ਵਿੱਚ ਮਕਬੂਜ਼ਾ ਕਸ਼ਮੀਰ ਵਿੱਚ ਪੰਜ ਅਤੇ ਪੰਜਾਬ ਵਿੱਚ ਚਾਰ ਦਹਿਸ਼ਤੀ ਟਿਕਾਣੇ ਨਸ਼ਟ ਕਰ ਦਿੱਤੇ ਗਏ। ਇਨ੍ਹਾਂ ਵਿੱਚ ਮੁਰੀਦਕੇ ਵਿੱਚ ਲਸ਼ਕਰ-ਏ-ਤੋਇਬਾ ਦਾ ਹੈਡਕੁਆਰਟਰ ਅਤੇ ਬਹਾਵਲਪੁਰ ਦਾ ਜੈਸ਼-ਏ-ਮੁਹੰਮਦ ਦਾ ਟਿਕਾਣਾ ਮੁੱਖ ਸਨ। ਇਸ ਸੰਤੁਲਿਤ, ਕੇਂਦਰਿਤ, ਗੈਰਉਤੇਜਕ ਤੇ ਜ਼ਿੰਮੇਵਾਰਾਨਾ ਕਾਰਵਾਈ ਦੌਰਾਨ 70 ਤੋਂ ਵੱਧ ਮੁੱਖ ਦਹਿਸ਼ਤਗਰਦ ਮਾਰੇ ਜਾਣ ਦਾ ਅੰਦਾਜ਼ਾ ਹੈ। ਪਾਕਿਸਤਾਨ ਨੇ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਇਸ ਭਾਰਤੀ ਹਮਲੇ ਦਾ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਹੀਂ ਹੋ ਸਕਿਆ। ਫਿਰ ਉਸ ਨੇ ਪ੍ਰਮਾਣੂ ਹਮਲੇ ਦੀ ਧਮਕੀ ਵੀ ਦਿੱਤੀ ਜਿਸ ਨੂੰ ਭਾਰਤ ਨੇ ਅਣਗੌਲਿਆਂ ਕਰ ਦਿੱਤਾ। ਅਪਰੇਸ਼ਨ ਸਿੰਧੂਰ ਦੌਰਾਨ ਭਾਰਤੀ ਕੂਟਨੀਤੀ, ਸ਼ਾਨਦਾਰ ਢੰਗ ਨਾਲ ਅਮਲ ਵਿੱਚ ਲਿਆਂਦੇ ਗਏ ਅਪਰੇਸ਼ਨਾਂ ਦੀ ਗਤੀ ਨਾਲ ਕਦਮਤਾਲ ਨਾ ਬਿਠਾ ਸਕੀ। ਇਸ ਦਾ ਇਕਮਾਤਰ ਹਮਾਇਤੀ ਬੇਕਸੂਰ ਫਲਸਤੀਨੀਆ ਦਾ ਕਾਤਲ ਇਜ਼ਰਾਈਲ ਸੀ । ਸਾਡੇ ਆਂਢ-ਗੁਆਂਢ ਦੇ ਕਿਸੇ ਵੀ ਦੇਸ਼ ਨੇ ਭਾਰਤ ਦੇ ਗਤੀਸ਼ੀਲ ਜਵਾਬ ਦੀ ਹਮਾਇਤ ਨਹੀਂ ਕੀਤੀ। ਚੀਨ ਅਤੇ ਤੁਰਕੀ ਨੇ ਪੂਰੀ ਤਰ੍ਹਾਂ ਪਾਕਿਸਤਾਨ ਦਾ ਸਾਥ ਦਿੱਤਾ। ਰੂਸ ਤੇ ਅਮਰੀਕਾ ਚੁੱਪ ਰਹੇ। ਅਮਰੀਕਾ ਨੇ ਆਪਣੀ ਵੋਟਿੰਗ ਤਾਕਤ ਦੀ ਵਰਤੋਂ ਕਰ ਕੇ ਪਾਕਿਸਤਾਨ ਨੂੰ ਕੌਮੀ ਮੁਦਰਾ ਕੋਸ਼ ਤੋਂ1.1 ਅਰਬ ਡਾਲਰ ਕਰਜ਼ਾ ਲੈਣ ਵਿੱਚ ਮਦਦ ਕੀਤੀ। ਇਸ ਲਈ ਆਪਣੀ ਸਥਿਤੀ ਸਪਸ਼ਟ ਕਰਨ ਲਈ ਭਾਰਤ ਨੇ 22-23 ਮਈ ਨੂੰ ਰਾਜਨੀਤਿਕ ਆਗੂਆਂ ਦੀਆਂ ਸੱਤ ਕੂਟਨੀਤਕ ਟੀਮਾਂ ਵਿਦੇਸ਼ੀ ਰਾਜਧਾਨੀਆਂ ਵਿੱਚ ਭੇਜੀਆਂ।

ਜਦੋਂ ਭਾਰਤ ਅਤੇ ਪਾਕਿਸਤਾਨ ਦੇਸ਼ਾਂ ਵਿਚਕਾਰ ਸਥਿਤੀ ਨਾਜ਼ੁਕ ਬਣੀ ਹੋਈ ਸੀ ਤਾਂ 10 ਮਈ ਨੂੰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਚਨਚੇਤ ਹੀ ਸੋਸ਼ਲ ਮੀਡੀਆ 'ਤੇ ਐਲਾਨ ਕਰ ਦਿੱਤਾ ਕਿ ਭਾਰਤ ਅਤੇ ਪਾਕਿਸਤਾਨ ਫੌਰੀ ਮੁਕੰਮਲ ਜੰਗਬੰਦੀ ਕਰਨ ਲਈ ਸਹਿਮਤ ਹੋ ਗਏ ਹਨ ਜੋ ਤੁਰੰਤ ਲਾਗੂ ਵੀ ਹੋ ਗਈ। ਪਰ ਭਾਰਤ ਨੇ ਇਸ ਵਿੱਚ ਅਮਰੀਕਾ ਦਾ ਹੱਥ ਹੋਣ ਤੋਂ ਇਨਕਾਰ ਕੀਤਾ ਅਤੇ ਇਹ ਗੋਲੀਬੰਦੀ ਪਾਕਿਸਤਾਨ ਦੀ ਬੇਨਤੀ 'ਤੇ ਹੋਈ ਦੱਸੀ। ਜਦੋਂਕਿ ਪਾਕਿਸਤਾਨ ਦਾ ਕਹਿਣਾ ਹੈ ਕਿ ਸਾਊਦੀ ਅਰਬ ਅਤੇ ਅਮਰੀਕਾ ਨੇ ਗੋਲੀਬੰਦੀ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਈ ਹੈ। ਪਾਕਿਸਤਾਨ ਨੇ ਤਾਂ ਇਸ

ਦਲੇਰ ਕਾਰਜ ਲਈ ਡੋਨਾਲਡ ਟਰੰਪ ਨੂੰ ਨੋਬਲ ਪੁਰਸਕਾਰ ਨਾਲ ਸਨਮਾਨਿਤ ਕਰਨ ਦੀ ਮੰਗ ਵੀ ਕੀਤੀ ਹੈ। ਸੱਚ ਤਾਂ ਇਹ ਹੈ ਕਿ ਦੇਸ਼ਾਂ ਵਿਚਕਾਰ ਝਗੜਿਆਂ ਅਤੇ ਸਮਝੌਤਿਆਂ ਦੀ ਰੂਪਰੇਖਾ, ਆਈ.ਐਮ.ਐਫ ਦੀਆਂ ਸਪਰੈਡ ਸ਼ੀਟਾਂ, ਐਫ.ਏ.ਟੀ.ਐਫ ਦੇ ਸਕੋਰਕਾਰਡਾਂ, ਸਾਊਦੀ ਕਰਜ਼ ਗਾਰੰਟੀਆਂ, ਚੀਨੀ ਪ੍ਰਾਜੈਕਟਾਂ ਅਤੇ ਅਮਰੀਕੀ ਰਣਨੀਤਿਕ ਸੰਜਮ ਵਿੱਚ ਵਾਹੀ ਜਾਂਦੀ ਹੈ। ਭਾਰਤ ਅਤੇ ਪਾਕਿਸਤਾਨ ਦੇਸ਼ਾਂ ਵਿਚਕਾਰ ਹੋਏ ਇਸ ਟਕਰਾਅ ਦਾ 'ਪਾਜ਼ ਬਟਨ' ਕਿਸੇ ਜਰਨੈਲ ਕੋਲ ਨਹੀਂ ਸਗੋਂ ਬੈਂਕਰ, ਲੇਖਾਕਾਰ, ਬ੍ਰਸਲਜ਼ ਵਿੱਚ ਬੈਠੇ ਕਿਸੇ ਕੂਟਨੀਤਿਕ ਜਾਂ ਨਿਊਯਾਰਕ ਦੇ ਕਿਸੇ ਟੈਕਨੋਕਰੇਟ ਕੋਲ ਸੀ।

ਫਿਰ ਇਸ ਸਫ਼ਲ ਸੈਨਿਕ ਕਾਰਵਾਈ, 'ਅਪਰੇਸ਼ਨ ਸਿੰਧੂਰ' 'ਤੇ ਰਾਜਨੀਤੀ ਸ਼ੁਰੂ ਹੋ ਗਈ। ਰਾਜਸੀ ਪਾਰਟੀ ਦੇ ਵਰਕਰਾਂ ਨੇ ਇਸ ਅਪਰੇਸ਼ਨ ਤੋਂ ਰਾਜਨੀਤਿਕ ਲਾਭ ਲੈਣ ਲਈ ਸਿੰਧੂਰ ਨੂੰ ਔਰਤਾਂ ਦੀਆਂ ਭਾਵਨਾਵਾਂ ਨਾਲ ਜੋੜ ਕੇ ਪ੍ਰਚਾਰਨ ਦੀ ਮੁਹਿੰਮ ਆਰੰਭ ਕਰ ਦਿੱਤੀ। ਇਸ ਲਈ ' ਘਰ ਘਰ ਸਿੰਧੂਰ' ਯੋਜਨਾ ਦੀ ਚਰਚਾ ਹੋਣ ਲੱਗੀ ਜਿਸ ਨੂੰ ਔਰਤਾਂ ਦੇ ਵਿਰੋਧ ਸਦਕਾ ਰੱਦ ਕਰਨਾ ਪਿਆ। ਪਹਿਲਗਾਮ ਦਹਿਸ਼ਤੀ ਹਮਲੇ ਦੀਆਂ ਵਿਧਵਾਵਾਂ ਨਾਲ ਇਹ ਕਿਹੋ ਜਿਹਾ ਮਜ਼ਾਕ ਹੈ ਕਿ ਜਿਨ੍ਹਾਂ ਲਈ ਇਨਸਾਫ਼ ਖ਼ਾਤਰ 'ਅਪਰੇਸ਼ਨ ਸਿੰਧੂਰ' ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ ਉਨ੍ਹਾਂ ਨੂੰ ਹੀ ਦੋਸ਼ੀ ਠਹਿਰਾਇਆ ਜਾ ਰਿਹਾ ਹੈ ਕਿ ਆਪਣੇ ਪਤੀਆਂ ਦੀ ਰਾਖੀ ਕਰਨ ਲਈ ਉਨ੍ਹਾਂ ਵਿੱਚ ਵੀਰਾਂਗਨਾਂ ਵਾਲਾ ਭਾਵ ਨਹੀਂ ਸੀ। ਜੇ ਅਜਿਹੇ ਹਾਲਾਤ ਵਿੱਚ ਔਰਤਾਂ ਨੇ ਹੀ ਆਪਣੇ ਪਤੀਆਂ ਦੀ ਰੱਖਿਆ ਕਰਨੀ ਹੈ ਤਾਂ ਸਰਕਾਰੀ ਤੰਤਰ ਦੀ ਕੀ ਲੋੜ ਹੈ? ਸੁਰੱਖਿਆ ਪ੍ਰਬੰਧ 'ਚ ਰਹੀਆਂ ਖ਼ਾਮੀਆਂ ਕਬੂਲਣ ਦੀ ਬਿਜਾਏ ਹੁਣ ਮਰਦਾਂ ਦੀ ਸੁਰੱਖਿਆ ਔਰਤਾਂ ਦੇ ਮੋਢਿਆਂ 'ਤੇ ਸੁੱਟੀ ਜਾ ਰਹੀ ਹੈ। ਇਸ ਸਬੰਧੀ ਸ਼ਹੀਦ ਕਰਨਲ ਵਿਨੈ ਨਰਵਾਲ ਦੀ ਪਤਨੀ ਹਿਮਾਂਸ਼ੂ ਨਰਵਾਲ ਨੂੰ ਮੁਸਲਮਾਨਾਂ ਤੇ ਕਸ਼ਮੀਰੀਆਂ ਨੂੰ ਨਿਸ਼ਾਨਾਂ ਨਾ ਬਣਾਏ ਜਾਣ ਦੀ ਅਪੀਲ 'ਤੇ ਨਾ ਕੇਵਲ ਟਰੋਲ ਕੀਤਾ ਗਿਆ ਸਗੋਂ ਕਿਰਦਾਰਕੁਸ਼ੀ ਵੀ ਕੀਤੀ ਗਈ। ਮੱਧ ਪ੍ਰਦੇਸ਼ ਦੇ ਮੰਤਰੀ ਵਿਜੈ ਸ਼ਾਹ ਵਲੋਂ ਅਪਰੇਸ਼ਨ ਸਿੰਧੂਰ ਦੀ ਰਿਪੋਰਟਿੰਗ ਕਰਨ ਵਾਲੀ ਕਰਨਲ ਸੋਫ਼ੀਆ ਕੁਰੈਸ਼ੀ ਨੂੰ ਆਤੰਕੀਆਂ ਦੀ ਭੈਣ ਕਿਹਾ ਗਿਆ। ਇਹ ਕਾਰਵਾਈਆਂ ਅਪਰੇਸ਼ਨ ਸਿੰਧੂਰ ਰਾਹੀ ਹਾਸਲ ਹੋਏ ਦੇਸ਼ ਦੇ ਗੌਰਵ ਨੂੰ ਘਟਾ ਰਹੀਆਂ ਹਨ।

ਇਸ ਦੁਖਾਂਤ ਲਈ ਪਾਕਿਸਤਾਨ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਸਿੰਧੂ ਜਲ ਸੰਧੀ ਨੂੰ ਮੁੱਅਤਲ ਕਰ ਦਿੱਤਾ ਗਿਆ ਹੈ। ਜਲਦਬਾਜ਼ੀ ਵਿੱਚ ਕੀਤੇ ਇਸ ਫੈਸਲੇ ਵਿੱਚ ਵੀ ਕਾਨੂੰਨੀ ਅੜਚਣਾਂ ਹਨ। 1947 ਵਿੱਚ ਦੇਸ਼ ਦੀ ਵੰਡ ਤੋਂ ਬਾਅਦ ਵਿਸ਼ਵ ਬੈਂਕ ਦੀ ਵਿਚੋਲਗੀ ਨਾਲ 19 ਸਤੰਬਰ, 1960 ਨੂੰ ਦੋਹਾਂ ਦੇਸ਼ਾਂ ਦੀ ਸਹਿਮਤੀ ਨਾਲ ਇਹ ਸਮਝੌਤਾ ਹੋਇਆ ਸੀ ਜਿਸ ਅਨੁਸਾਰ ਸਿੰਧੂ ਦਰਿਆ ਵਿੱਚੋਂ ਨਿਕਲਦੀਆਂ ਪੂਰਬੀ ਸਹਾਇਕ ਨਦੀਆਂ ਸਤਲੁਜ, ਬਿਆਸ ਅਤੇ ਰਾਵੀ ਦੇ ਪਾਣੀਆਂ ਉੱਤੇ ਭਾਰਤ ਦਾ ਹੱਕ ਮੰਨ ਲਿਆ ਗਿਆ ਅਤੇ ਪੱਛਮੀ ਨਦੀਆਂ ਸਿੰਧੂ, ਜਿਹਲਮ ਅਤੇ ਚਨਾਬ ਦੇ ਪਾਣੀਆਂ 'ਤੇ ਪਾਕਿਸਤਾਨ ਦਾ ਅਧਿਕਾਰ ਸਵੀਕਾਰਿਆ ਗਿਆ। ਇਸ ਸਬੰਧੀ ਜੇ ਕੋਈ ਸਮੱਸਿਆ ਆਉਂਦੀ ਹੈ ਤਾਂ ਸਥਾਈ ਸਿੰਧੂ ਕਮਿਸ਼ਨ ਇਸ ਦਾ ਹਲ ਕਰਦਾ ਹੈ। ਦੋਹਾਂ ਦੇਸ਼ਾਂ ਵਿਚਕਾਰ ਝਗੜਾ ਵਧ ਜਾਵੇ ਤਾਂ ਵਿਸ਼ਵ ਬੈਂਕ ਵਲੋਂ ਨਿਰਪੱਖ ਕਮਿਸ਼ਨ ਗਠਿਤ ਕਰਨ ਦੀ ਵਿਵਸਥਾ ਕੀਤੀ ਹੋਈ ਹੈ ਅਤੇ ਫਿਰ ਵੀ ਮਸਲਾ ਨਾ ਸੁਲਝੇ ਤਾਂ ਸਾਲਸੀ ਅਦਾਲਤ ਦਾ ਪ੍ਰਬੰਧ ਕਰਨ ਦਾ ਵੀ ਉਪਬੰਧ ਹੈ। ਇਸ ਪ੍ਰਕਾਰ ਦੋਵੇਂ ਦੇਸ਼ ਆਪਣੀ ਮਨਮਰਜੀ ਨਾਲ ਇਸ ਸਮਝੌਤੇ ਤੋਂ ਨਾ ਵੱਖ ਹੋ ਸਕਦੇ ਹਨ ਅਤੇ ਨਾ ਹੀ ਇਸ ਨੂੰ ਮੁਅੱਤਲ ਕਰ ਸਕਦੇ ਹਨ। ਭਾਰਤ ਦੀ ਇਹ ਕਾਰਵਾਈ ਵੀਏਨਾ ਕਨਵੈਂਸ਼ਨ ਦੀ ਉਲੰਘਣਾ ਹੈ। ਇਸ ਹਾਲਤ ਵਿੱਚ ਦਹਿਸ਼ਤਗਰਦ ਅਤੇ ਪਾਕਿਸਤਾਨ ਕੋਈ ਸਬਕ ਲੈਣ ਜਾਂ ਨਾ ਪਰ ਭਾਰਤ ਵਿਰੁੱਧ ਕੌਮਾਂਤਰੀ ਦਬਾਅ ਵਧੇਗਾ ਅਤੇ ਵਿਸ਼ਵ ਵਿੱਚ ਇਸ ਦੀ ਸ਼ਾਖ ਨੂੰ ਧੱਕਾ ਲੱਗੇਗਾ।ਹੁਣ ਪਾਕਿਸਤਾਨ ਨੂੰ ਇੱਕ ਮਹੀਨੇ ਲਈ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੀ ਪ੍ਰਧਾਨਗੀ ਦਿੱਤੀ ਗਈ ਹੈ ਜਿਸ ਦੌਰਾਨ ਇਸ ਮਸਲੇ ਦੇ ਉੱਠਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਪਾਣੀ ਕੁਦਰਤੀ ਸਰੋਤ ਹੈ ਜਿਸ ਤੋਂ ਬਿਨਾਂ ਮਨੁੱਖ ਜ਼ਿੰਦਾ ਨਹੀਂ ਰਹਿ ਸਕਦਾ। ਵਿਰੋਧੀ ਦੇਸ਼ ਅਤੇ ਦਹਿਸ਼ਤਗਰਦਾਂ ਨੂੰ ਸਜ਼ਾ ਦੇਣ ਲਈ ਪਾਣੀ ਦੀ ਮਾਤਰਾ ਬਹੁਤ ਜ਼ਿਆਦਾ ਘਟਾਉਣੀ ਜਾਂ ਵਧਾਉਣੀ ਜਿਸ ਨਾਲ ਸੋਕੇ ਜਾਂ ਹੜ੍ਹਾਂ ਦਾ ਖ਼ਤਰਾ ਪੈਦਾ ਹੋ ਜਾਵੇ, ਅਸਲ ਵਿੱਚ ਬੇਕਸੂਰ ਅਵਾਮ ਨੂੰ ਹੀ ਸਜ਼ਾ ਦੇਣੀ ਹੋਵੇਗੀ। ਇਸ ਨਾਲ ਕੌਮਾਂਤਰੀ ਗਲਿਆਰਿਆਂ ਵਿੱਚ ਭਾਰਤ ਦਾ ਅਕਸ ਨੀਵਾਂ ਹੋਵੇਗਾ। ਇਸ ਲਈ ਭਾਰਤ ਨੂੰ ਵਿਸ਼ਵ ਵਿੱਚ ਆਪਣਾ ਵਕਾਰ ਕਾਇਮ ਰੱਖਣ ਲਈ ਨਾਪਤੋਲ ਕੇ ਕਦਮ ਪੁੱਟਣ ਦੀ ਲੋੜ ਹੈ।

ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਇਸ ਅਣਮਨੁੱਖੀ ਕਾਰੇ ਦੀ ਨਿੰਦਾ ਕਰਦਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਨ।

❊ ❊ ❊ ❊ ❊

## ਸਵਾਗਤ



ਗਿਆਨੀ ਜ਼ੈਲ ਸਿੰਘ ਨਗਰ ਰੂਪਨਗਰ ਦੇ ਵਾਸੀ ਸ਼੍ਰੀ ਜਗਦੇਵ ਸਿੰਘ ਨੂੰ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਦਾ ਨਵਾਂ ਟਰੱਸਟੀ ਨਿਯੁਕਤ ਕੀਤਾ ਗਿਆ ਹੈ। ਆਪ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਵਿੱਚ ਰਹਿੰਦਿਆਂ ਮੈਗਜ਼ੀਨ ਸੈਣੀ ਸੰਸਾਰ ਦੀ ਸਰਕੁਲੇਸ਼ਨ ਵਿੱਚ ਮੁੱਖ ਭੂਮਿਕਾ ਨਿਭਾ ਰਹੇ ਹਨ। ਆਪ ਦਾ ਇਸ ਸਮਾਜਸੇਵੀ ਸੰਸਥਾ ਵਿੱਚ ਸਵਾਗਤ ਹੈ।

ਅਪ੍ਰੈਲ – ਜੂਨ 2025 ਦੌਰਾਨ

# ਸੈਣੀ ਭਵਨ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ



## ਸਾਲਾਨਾ ਸੈਣੀ ਸੰਮੇਲਨ

ਸਮਾਜਸੇਵੀ ਸੰਸਥਾ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ(ਰਜਿ.) ਵਲੋਂ 41ਵਾਂ ਸਾਲਾਨਾ ਸੈਣੀ ਸੰਮੇਲਨ 4 ਅਪ੍ਰੈਲ, 2025 ਨੂੰ ਸੈਣੀ ਭਵਨ ਰੂਪਨਗਰ ਵਿਖੇ ਕਰਵਾਇਆ ਗਿਆ। ਇਸ ਦੇ ਮੁੱਖ ਮਹਿਮਾਨ ਸ.ਹਰਦੀਪ ਸਿੰਘ ਮੁੰਡੀਆਂ, ਮਾਨਯੋਗ ਮਾਲ, ਪੁਨਰਵਾਸ ਅਤੇ ਆਫ਼ਤ-ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਪੰਜਾਬ ਸਨ ਅਤੇ ਵਿਸ਼ੇਸ਼ ਮਹਿਮਾਨ ਐਡਵੋਕੇਟ ਦਿਨੇਸ਼ ਚੱਢਾ ਐਮ.ਐਲ.ਏ ਹਲਕਾ ਰੂਪਨਗਰ ਸਨ। ਇਸ ਸਮਾਗਮ ਦੀ ਆਰੰਭਤਾ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਨਾਲ ਹੋਈ ਜੋ ਕਿ ਰੂਪਨਗਰ ਸ਼ਹਿਰ ਦੇ ਗੁਰੂਦੁਆਰਾ ਸਤਿਨਾਮ ਜੀ ਦੇ ਪਾਠੀ ਵਲੋਂ ਸੰਪਨ ਕੀਤਾ ਗਿਆ। ਇਸ ਉਪਰੰਤ ਸੰਸਥਾ ਦੀਆਂ ਸਿਖਿਆਰਥਣਾਂ ਨੇ ਸ਼ਬਦ ਗਾਇਨ ਕੀਤਾ ਜਿਸ ਨਾਲ ਸਮਾਗਮ ਸ਼ੁਰੂ ਹੋਇਆ। ਸਭ ਤੋਂ ਪਹਿਲਾਂ ਸੰਸਥਾ ਦੇ ਸਕੱਤਰ ਸ. ਬਲਬੀਰ ਸਿੰਘ ਸੈਣੀ ਨੇ ਸਾਲ 2024 ਦੀ ਕਾਰਗੁਜ਼ਾਰੀ ਰਿਪੋਰਟ ਪੜ੍ਹ ਕੇ ਸਰੋਤਿਆਂ ਨੂੰ ਸੈਣੀ ਭਵਨ ਦੀਆਂ ਗਤੀਵਿਧੀਆਂ ਤੋਂ ਜਾਣੂ ਕਰਵਾਇਆ। ਇਸ ਸਮਾਗਮ ਦੌਰਾਨ ਕਈ ਅਹਿਮ ਕਰਵਾਈਆਂ ਕੀਤੀਆਂ ਗਈਆਂ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

**ਸਮਾਜਿਕ ਸਮੱਸਿਆ 'ਤੇ ਵਿਚਾਰ ਵਟਾਂਦਰਾ–** ਸੈਣੀ ਭਵਨ, ਸਮਾਜ ਦੀਆਂ ਭਖਦੀਆਂ ਸਮੱਸਿਆਵਾਂ ਨਾਲ ਵੀ ਸਰੋਕਾਰ ਰਖਦਾ ਹੈ। ਇਸ ਮੰਤਵ ਲਈ "ਪੰਜਾਬੀਆਂ ਦੇ ਪਰਵਾਸ ਦੀ ਸਮੱਸਿਆ" ਵਿਸ਼ੇ 'ਤੇ ਵਿਚਾਰ ਵਟਾਂਦਰਾ ਕਰਵਾਇਆ ਗਿਆ ਜਿਸ ਦੇ ਮੁੱਖ ਵਕਤਾ ਸੀਨੀਅਰ ਪੱਤਰਕਾਰ ਅਤੇ ਬੁੱਧੀਜੀਵੀ ਸ. ਹਮੀਰ ਸਿੰਘ ਸਨ। ਵਿਦਵਾਨ ਵਕਤਾ ਨੇ ਪੰਜਾਬੀਆਂ ਦੀ ਇਸ ਸਮੱਸਿਆ ਨੂੰ ਪੂਰੀ ਸੂਖਮਤਾ ਨਾਲ ਘੋਖ ਕੇ ਇਸ ਦੇ ਪਿਛੋਕੜ, ਅਹਿਮੀਅਤ ਅਤੇ ਮੁਸ਼ਕਲਾਂ ਨੂੰ ਉਜਾਗਰ ਕੀਤਾ।



**ਸਫ਼ਲ ਸਖਸ਼ੀਅਤਾਂ ਦਾ ਸਨਮਾਨ–** ਇਸ ਸਮੇਂ ਸਤਿਕਾਰਯੋਗ ਮਹਿਮਾਨਾਂ ਤੋਂ ਇਲਾਵਾ 25 ਨਵੇਂ ਚੁਣੇ ਗਏ ਬਰਾਦਰੀ ਦੇ ਸਰਪੰਚਾਂ, 3 ਅਹੁਦੇਦਾਰਾਂ, 3 ਦਾਨੀ ਸੱਜਣਾਂ ਅਤੇ 8 ਹੋਰ ਸਫ਼ਲ ਵਿਅਕਤੀਆਂ ਦਾ ਸਨਮਾਨ ਕੀਤਾ ਗਿਆ। ਸੈਣੀ ਭਵਨ ਦੇ ਕਿੱਤਾ ਸਿਖਲਾਈ ਕੇਂਦਰਾਂ ਵਿੱਚ ਪੜ੍ਹਾਈ ਪੂਰੀ ਕਰਨ ਵਾਲੀਆਂ 12 ਸਿਖਿਆਰਥਣਾਂ ਨੂੰ ਵੀ ਸਰਟੀਫੀਕੇਟ ਦਿੱਤੇ ਗਏ।

**ਮਤੇ–** ਸੈਣੀ ਭਵਨ ਦੇ ਕਾਰਜਕਾਰੀ ਪ੍ਰਧਾਨ ਸ. ਰਾਜਿੰਦਰ ਸਿੰਘ ਨਨੂਆਂ ਨੇ ਬਰਾਦਰੀ ਦੇ ਰਾਜਨੀਤਿਕ ਹੱਕਾਂ, ਓ.ਬੀ.ਸੀ ਸ਼੍ਰੇਣੀਆਂ ਲਈ ਰਿਜ਼ਰਵੇਸ਼ਨ ਕੋਟੇ ਵਿੱਚ ਵਾਧੇ ਅਤੇ ਰੋਪੜ ਸ਼ਹਿਰ ਦੀ ਸੁੰਦਰਤਾ ਕਾਇਮ ਰੱਖਣ ਲਈ ਪੰਜ ਮਤੇ ਸਰੋਤਿਆਂ ਨੂੰ ਪੜ੍ਹ ਕੇ ਸੁਣਾਏ ਜਿਨ੍ਹਾਂ ਨੂੰ ਹਾਜ਼ਰੀਨ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ।

**ਮੈਗਜ਼ੀਨ ਰਿਲੀਜ਼–** ਇਸ ਸੰਮੇਲਨ ਦੌਰਾਨ ਮੁੱਖ ਮਹਿਮਾਨ ਜੀ ਨੇ ਸੈਣੀ ਭਵਨ ਦੇ ਤਿਮਾਹੀ ਮੈਗਜ਼ੀਨ, 'ਸੈਣੀ ਸੰਸਾਰ' ਦੇ 56ਵੇਂ ਅੰਕ ਨੂੰ ਰਿਲੀਜ਼ ਕੀਤਾ। ਇਸ ਸਮੇਂ ਬੋਲਦਿਆਂ ਮੁੱਖ ਮਹਿਮਾਨ ਜੀ ਨੇ ਸੈਣੀ ਭਵਨ ਦੇ ਸਮਾਜ ਭਲਾਈ ਕਾਰਜਾਂ ਦੀ ਪ੍ਰਸ਼ੰਸਾ ਕੀਤੀ ਅਤੇ ਇਸ ਦੇ ਹਰ ਕਾਰਜ ਲਈ ਵਿੱਤੀ ਮਦਦ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਨੇ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਵੇਰਵਾ ਦਿੰਦਿਆਂ ਨਸ਼ਾ-ਛੁਡਾਊ ਕੋਸ਼ਿਸ਼ਾਂ ਵਿੱਚ ਸਹਿਯੋਗ ਦੇਣ ਲਈ ਲੋਕਾਂ ਨੂੰ ਅਪੀਲ ਕੀਤੀ। ਵਿਸ਼ੇਸ਼ ਮਹਿਮਾਨ ਐਡਵੋਕੇਟ ਦਿਨੇਸ਼ ਚੱਢਾ ਐੱਮ.ਐੱਲ.ਏ. ਜੀ ਨੇ ਸੈਣੀ ਭਵਨ ਦੇ ਟਰੱਸਟੀਆਂ ਦੀਆਂ ਸਰਗਰਮੀਆਂ ਦੀ ਭਰਵੀਂ ਤਾਰੀਫ਼ ਕੀਤੀ ਅਤੇ ਆਪਣੇ ਮਾਲ ਵਿਭਾਗ ਨੂੰ ਸੁਯੋਗਤਾ ਨਾਲ ਚਲਾਉਣ ਲਈ ਮੰਤਰੀ ਜੀ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਸੈਣੀ ਭਵਨ ਦੇ ਮਿਨੀ ਹਾਲ ਲਈ ਮੰਤਰੀ ਜੀ ਵਲੋਂ ਦਿੱਤੇ 5 ਲੱਖ ਰੁਪਏ ਲਈ ਧੰਨਵਾਦ ਕੀਤਾ ਅਤੇ ਅੱਗੋਂ ਲਈ ਵੀ ਵਿਤੀ ਸਹਾਇਤਾ ਦੇਣ ਲਈ ਬੇਨਤੀ ਕੀਤੀ। ਇਸ ਸਮੇਂ ਸੈਣੀ ਭਵਨ ਦੇ ਚੇਅਰਮੈਨ ਡਾ. ਅਜਮੇਰ ਸਿੰਘ ਨੇ ਸੈਣੀ ਭਵਨ ਦੇ ਕਾਰਜਾਂ ਬਾਰੇ ਵਿਸਥਾਰਸਹਿਤ ਜਾਣਕਾਰੀ ਦਿੱਤੀ ਅਤੇ ਮੈਗਜ਼ੀਨ ਰਾਹੀਂ ਪਾਠਕਾਂ ਨੂੰ ਦਿੱਤੇ ਜਾ ਰਹੇ ਮੁੱਲਵਾਨ ਗਿਆਨ ਤੋਂ ਜਾਣੂ ਕਰਵਾਉਂਦਿਆਂ ਇਸ ਦੇ ਵੱਧ ਤੋਂ ਵੱਧ ਮੈਂਬਰ ਬਣਨ ਦੀ ਅਪੀਲ ਕੀਤੀ।

ਇਸ ਸਮੇਂ ਸੰਸਥਾ ਦੀਆਂ ਵਿਦਿਆਰਥਣਾ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕਰ ਕੇ ਸਰੋਤਿਆਂ ਨੂੰ ਨਿਹਾਲ ਕੀਤਾ। ਇਸ ਸਮਾਗਮ ਵਿੱਚ ਸਨਮਾਨਿਤ ਵਿਅਕਤੀਆਂ ਤੋਂ ਇਲਾਵਾ ਪੰਜਾਬ ਦੀਆਂ ਸੈਣੀ ਸੰਸਥਾਵਾਂ ਦੇ ਨੁਮਾਂਇੰਦੇ ਅਤੇ ਸਥਾਨਿਕ ਪਤਵੰਤੇ ਹਾਜ਼ਰ ਸਨ ਜਿਨ੍ਹਾਂ ਵਿੱਚ ਪੰਜੋਲ਼ ਤੋਂ ਸ. ਮਨਜੀਤ ਸਿੰਘ ਤੰਬੜ, ਲਸਾੜਾ ਤੋਂ ਬਲਬੀਰ ਸਿੰਘ ਅਤੇ ਜਸਬੀਰ ਸਿੰਘ ਮਾਣਕ, ਦੁਪਾਲਪੁਰ ਤੋਂ ਕੈਪ. ਸਤਨਾਮ ਸਿੰਘ, ਪਿੰਡ ਬਗਵਾਈਂ ਤੋਂ ਸ੍ਰੀ ਅਮਰੀਕ ਹਮਰਾਜ਼, ਬਲਾਚੌਰ ਤੋਂ ਸ. ਸੰਤੋਖ ਸਿੰਘ, ਚੰਡੀਗੜ੍ਹ ਤੋਂ ਅਮਨਦੀਪ ਸਿੰਘ, ਅਨੰਦਪੁਰ ਸਾਹਿਬ ਤੋਂ ਕਮਲਜੀਤ ਸਿੰਘ, ਮੋਹਾਲੀ ਤੋਂ ਸ.ਸੁਖਵਿੰਦਰ ਸਿੰਘ ਅਤੇ ਸ.ਕੁਲਜੀਤ ਸਿੰਘ, ਪੜ੍ਹੀ ਤੋਂ ਸ. ਜਗਤਾਰ ਸਿੰਘ, ਰੂਪਨਗਰ ਤੋਂ ਮਨਜੀਤ ਸਿੰਘ ਤੰਬੜ ਅਤੇ ਹੋਰ ਦਰਜਨਾਂ ਵਿਅਕਤੀ ਸ਼ਾਮਿਲ ਸਨ। ਸੈਣੀ ਭਵਨ ਦੇ ਟਰੱਸਟੀ ਸ਼੍ਰੀ

ਤਰਸੇਮ ਸੈਣੀ, ਸ. ਰਾਮ ਸਿੰਘ, ਸ. ਗੁਰਮੁਖ ਸਿੰਘ ਸੈਣੀ, ਅਮਰਜੀਤ ਸਿੰਘ, ਇੰਜ.ਹਰਜੀਤ ਸਿੰਘ ਸੈਣੀ, ਕੈਪਟਨ ਹਾਕਮ ਸਿੰਘ, ਰਾਜਿੰਦਰ ਸਿੰਘ ਗਿਰਨ, ਸ.ਦਲਜੀਤ ਸਿੰਘ, ਸ. ਜਗਦੇਵ ਸਿੰਘ, ਡਾ. ਜਸਵੰਤ ਕੌਰ, ਸ. ਪ੍ਰਿਤਪਾਲ ਸਿੰਘ, ਸ.ਸੁਰਿੰਦਰ ਸਿੰਘ, ਐਡ.ਰਵਿੰਦਰ ਮੁੰਦਰਾ ਅਤੇ ਬਹਾਦੁਰਜੀਤ ਸਿੰਘ ਨੇ ਸਮਾਗਮ ਦੇ ਪ੍ਰਬੰਧਾਂ ਵਿੱਚ ਸੁਚਾਰੂ ਯੋਗਦਾਨ ਪਾਇਆ। ਸ਼੍ਰੀ ਰਾਜਿੰਦਰ ਸੈਣੀ ਨੇ ਸਟੇਜ ਦੀ ਕਾਰਵਾਈ ਸਫ਼ਲਤਾਪੂਰਬਕ ਨਿਭਾਈ। ਗੁਰਦੁਆਰਾ ਸਤਨਾਮੀਆਂ ਸਾਹਿਬ ਰੂਪਨਗਰ ਦੇ ਪ੍ਰਬੰਧਕਾਂ ਨੇ ਪਕੌੜਿਆਂ ਅਤੇ ਹੀਰਾ ਕਰਿਆਨਾ ਸਟੋਰ ਰੂਪਨਗਰ ਦੇ ਮਾਲਕਾਂ ਨੇ ਪੀਣ ਵਾਲੇ ਪਾਣੀ ਦੀ ਸੇਵਾ ਕੀਤੀ। ਇਸ ਸਮੇਂ ਸੈਣੀ ਭਵਨ ਦੇ ਚਾਰ ਨਵੇਂ ਆਜੀਵਨ ਮੈਂਬਰ ਅਤੇ 15 ਨਵੇਂ ਮੈਗਜ਼ੀਨ ਦੇ ਮੈਂਬਰ ਬਣੇ।

**ਸੈਣੀ ਭਵਨ ਦੀ ਇਮਾਰਤ ਵਿੱਚ ਵਾਧਾ ਅਤੇ ਇਸ ਦਾ ਨਵੀਨੀਕਰਨ**

ਇਸ ਤਿਮਾਹੀ ਦੌਰਾਨ ਸੈਣੀ ਭਵਨ ਦੇ ਅਧੂਰੇ ਪਏ ਮਿਨੀ ਹਾਲ ਨੂੰ ਪਲਸਤਰ ਕਰਨ ਉਪਰੰਤ, ਇਸ ਦੇ ਦਰਵਾਜ਼ੇ-ਖਿੜਕੀਆਂ ਅਤੇ ਫਰਸ਼ 'ਤੇ ਟਾਈਲਾਂ ਲਗਾ ਕੇ, ਬਿਜਲੀ ਦੇ ਸਾਮਾਨ ਦੀ ਫਿਟਿੰਗ ਅਤੇ ਰੰਗਰੋਗਨ ਕਰਵਾ ਕੇ ਤਿਆਰ ਕਰਵਾਇਆ ਗਿਆ। ਇਸ ਤੋਂ ਇਲਾਵਾ ਚਾਰ ਵਾਧੂ ਯੂਰੀਨਲਜ਼ ਨੂੰ ਢੁਆ ਕੇ ਜਗ੍ਹਾ ਨੂੰ ਸਾਫ਼ ਸੁਥਰਾ ਕਰਵਾਇਆ ਗਿਆ ਅਤੇ ਤਿੰਨ ਯੂਰੀਨਲਜ਼ ਦਾ ਨਵੀਨੀਕਰਨ ਕਰਵਾਇਆ ਗਿਆ। ਹਾਲ ਦੇ ਬਾਹਰ ਖਾਲੀ ਸਥਾਨ ਨੂੰ ਟਾਇਲਾਂ ਲਗਵਾ ਕੇ ਵਰਤਣਯੋਗ ਬਣਾਇਆ ਗਿਆ। ਇਸ ਦੇ ਨਾਲ ਹੀ ਦੋ ਹੋਰ ਯੂਰੀਨਲਜ਼ ਵਿੱਚ ਨਵਾਂ ਸਾਮਾਨ ਲਗਵਾਇਆ ਗਿਆ ਜਿਸ ਮੰਤਵ ਲਈ ਇੰਨਰਵੀਲ੍ਹ ਕਲੱਬ ਰੂਪਨਗਰ ਨੇ ਵਿਤੀ ਸਹਾਇਤਾ ਦਿੱਤੀ। ਦਾਨੀ ਸ. ਗੁਰਿੰਦਰ ਸਿੰਘ ਮੋਹਾਲੀ ਦੀ ਮਾਲੀ ਸਹਾਇਤਾ ਨਾਲ ਸਿਲਾਈ ਕਢਾਈ ਸਿਖਿਆਰਥਣਾ ਦੀ ਸਹੂਲਤ ਲਈ ਉਨ੍ਹਾਂ ਦੇ ਸ਼੍ਰੇਣੀ ਕਮਰੇ ਵਿੱਚ ਇੱਕ ਏ.ਸੀ ਲਗਵਾਇਆ ਗਿਆ।ਸ. ਜਗਦੇਵ ਸਿੰਘ ਟਰੱਸਟੀ ਅਤੇ ਸ. ਦਲਜੀਤ ਸਿੰਘ ਟਰੱਸਟੀ ਨੇ ਨਵੇਂ ਬਣੇ ਹਾਲ ਵਿੱਚ ਦੋ-ਦੋ ਪੱਖੇ ਲਗਵਾ ਕੇ 2400-2400 ਰੁਪਏ ਦੀ ਵਿੱਤੀ ਸਹਾਇਤਾ ਕੀਤੀ।

**ਸਿਖਿਆਰਥਣਾਂ ਨੂੰ ਸਿਹਤ ਸੰਭਾਲ ਲਈ ਸਿਖ਼ਲਾਈ**

ਸੰਸਥਾ ਵਿੱਚ ਕਿੱਤਾ ਸਿਖਲਾਈ ਕੋਰਸ ਕਰ ਰਹੀਆਂ ਸਿੱਖਿਆਰਥਣਾਂ ਨੂੰ ਆਪਣੀ ਸਿਹਤ ਕਾਇਮ ਰੱਖਣ ਦੀ ਜਾਣਕਾਰੀ ਦੇਣ ਲਈ ਮਾਹਿਰਾਂ ਰਾਹੀਂ ਸਿੱਖਿਆ ਦਿੱਤੀ ਗਈ। ਇਸ ਕਾਰਜ ਹਿਤ ਸਿਹਤ ਵਿਭਾਗ ਦੀਆਂ ਸਿਖਲਾਈ ਪ੍ਰਾਪਤ ਨਰਸਾਂ ਨੇ ਸਿਖਿਆਰਥਣਾਂ ਨੂੰ ਆਪਣੇ ਸਰੀਰ ਦੀ ਵਿਸ਼ੇਸ਼ ਨਿੱਜੀ ਸਫ਼ਾਈ ਬਾਰੇ ਦੱਸਣ ਲਈ ਇੱਕ ਦਿਨ ਦਾ ਕੈਂਪ ਲਗਾਇਆ ਅਤੇ ਉਨ੍ਹਾਂ ਨੂੰ ਸੈਨੇਟਰੀ ਪੈਡਜ਼ ਦਿੱਤੇ ਗਏ। ਇਸ ਤੋਂ ਇਲਾਵਾ ਭਾਰਤੀ ਯੋਗ ਸੰਸਥਾ ਰੂਪਨਗਰ ਦੇ ਪ੍ਰਬੰਧਕਾਂ ਵਲੋਂ ਸਰੀਰ ਨੂੰ ਤੰਦਰੁਸਤ ਰੱਖਣ ਲਈ ਛੇ ਦਿਨਾਂ ਯੋਗ ਸਿਖ਼ਲਾਈ ਕੈਂਪ ਲਗਾਇਆ ਗਿਆ।

**ਸੰਮੇਲਨ ਸਮੇਂ ਪਾਸ ਕੀਤੇ ਗਏ ਮਤੇ :**

1. **<u>ਓ.ਬੀ.ਸੀ ਦੀ ਰਿਜ਼ਰਵੇਸ਼ਨ ਬਾਰੇ</u>-** ਸੈਣੀ ਭਵਨ ਰੂਪਨਗਰ ਵਲੋਂ ਬਰਾਦਰੀ ਦੇ ਆਰਥਿਕ ਅਤੇ ਰਾਜਨੀਤਿਕ ਪਛੜੇਪਣ ਨੂੰ ਧਿਆਨ ਵਿੱਚ ਰਖਦਿਆਂ ਵਿਸ਼ੇਸ਼ ਉਪਰਾਲੇ ਕਰ ਕੇ ਸੰਨ 2016 ਵਿੱਚ ਇਸ ਨੂੰ ਓ.ਬੀ.ਸੀ ਸ਼੍ਰੇਣੀ ਘੋਸ਼ਿਤ ਕਰਵਾਇਆ ਗਿਆ ਸੀ। ਪੰਜਾਬ ਵਿੱਚ ਨੌਕਰੀਆਂ ਲਈ ਓ ਬੀ.ਸੀ ਦਾ ਕੋਟਾ 12% ਰੱਖਿਆ ਗਿਆ ਹੈ ਜਦੋਂ ਕਿ ਸੰਵਿਧਾਨ ਅਨੁਸਾਰ 27% ਹੋਣਾ ਚਾਹੀਦਾ ਹੈ। ਇਸ ਲਈ ਰਾਜ ਸਰਕਾਰ ਤੋਂ ਮੰਗ ਕੀਤੀ ਜਾਂਦੀ ਹੈ ਕਿ ਓ.ਬੀ.ਸੀ ਦਾ ਕੋਟਾ 12% ਤੋਂ ਵਧਾ ਕੇ 27% ਕੀਤਾ ਜਾਵੇ।
2. **<u>ਚੋਣਾ ਅਤੇ ਨਾਮਜ਼ਦਗੀਆਂ ਸਮੇਂ ਬਰਾਦਰੀ ਦੇ ਨੇਤਾਵਾਂ ਨੂੰ ਯੋਗ ਪ੍ਰਤਿਨਿਧਤਾ ਦੇਣ ਬਾਰੇ</u>-**ਪੰਜਾਬ ਵਿੱਚ ਸੈਣੀ ਬਰਾਦਰੀ ਦੀ ਆਬਾਦੀ 15% ਦੇ ਕਰੀਬ ਹੈ ਪਰ ਲੋਕ ਸਭਾ ਅਤੇ ਅਸੈਂਬਲੀ ਚੋਣਾਂ ਸਮੇਂ ਬਹੁਤ ਘੱਟ ਸੈਣੀ ਵਿਅਕਤੀਆਂ ਨੂੰ ਟਿਕਟਾਂ ਦਿੱਤੀਆਂ ਜਾਂਦੀਆ ਹਨ। ਇਸ ਲਈ ਸਾਰੀਆਂ ਰਾਜਨੀਤਿਕ ਪਾਰਟੀਆਂ ਤੋਂ ਮੰਗ ਕੀਤੀ ਜਾਂਦੀ ਹੈ ਕਿ ਆਬਾਦੀ ਅਨੁਸਾਰ ਸੈਣੀ ਬਰਾਦਰੀ ਨੂੰ ਟਿਕਟਾਂ ਦਿੱਤੀਆਂ ਜਾਣ ਅਤੇ ਹੋਰ ਨਿਯੁਕਤੀਆਂ ਸਮੇਂ ਵੀ ਬਰਾਦਰੀ ਦੇ ਯੋਗ ਵਿਅਕਤੀਆਂ ਨੂੰ ਨਾਮਜੱਦ ਕੀਤਾ ਜਾਵੇ।
3. **<u>ਜਨਗਣਨਾ ਸਮੇਂ ਜਾਤ ਦਾ ਕਾਲਮ ਬਣਾਉਣ ਬਾਰੇ</u>-** ਕੇਂਦਰ ਸਰਕਾਰ ਤੋਂ ਮੰਗ ਕੀਤੀ ਜਾਂਦੀ ਹੈ ਕਿ ਦੇਸ਼ ਵਿੱਚ ਹੋਣ ਵਾਲੀ ਜਨਗਣਨਾ ਜਾਤ ਦੇ ਆਧਾਰ 'ਤੇ ਕਰਵਾਈ ਜਾਵੇ ਤਾਂ ਕਿ ਜਾਤੀਆਂ ਦੀ ਆਬਾਦੀ ਬਾਰੇ ਸਪਸ਼ਟ ਅੰਕੜਾ ਸਾਹਮਣੇ ਆ ਸਕੇ ਅਤੇ ਇਸ ਆਧਾਰ 'ਤੇ ਯੋਜਨਾਵਾਂ ਬਣਾਈਆਂ ਜਾ ਸਕਣ।
4. **<u>ਸੈਣੀ ਸ਼ਹੀਦਾਂ ਦੀਆਂ ਯਾਦਗਾਰਾਂ ਸਬੰਧੀ</u>-** ਸੈਣੀ ਬਰਾਦਰੀ ਨੇ ਦੇਸ਼ ਅਤੇ ਕੌਮ ਲਈ ਕਈ ਯੋਧੇ ਪੈਦਾ ਕੀਤੇ ਹਨ ਜਿਨ੍ਹਾਂ ਵਿੱਚ ਭਾਈ ਜਮਾਲਾ ਸਿੰਘ ਨਨੂੰਆ ਤੇ ਬੀਬੀ ਸ਼ਰਨ ਕੌਰ ਪ੍ਰਮੁੱਖ ਹਨ। ਭਾਈ ਜਮਾਲਾ ਸਿੰਘ ਨਨੂਆਂ ਜੀ ਨੌਵੇਂ ਪਾਤਸ਼ਾਹ ਦਾ ਸੀਸ ਦਿੱਲੀ ਤੋਂ ਲਿਆਉਣ ਵਾਲੇ ਸਿੰਘਾਂ ਦੇ ਨਾਲ ਸਨ। ਇਸ ਇਕੱਠ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਮੰਗ ਕੀਤੀ ਜਾਂਦੀ ਹੈ ਕਿ ਇਨ੍ਹਾਂ ਸ਼ਹੀਦਾਂ ਦੇ ਕੁਰਬਾਨੀ ਦੇ ਵੇਰਵੇ ਉਚਿਤ ਸਥਾਨਾਂ 'ਤੇ ਬੋਰਡ ਲਗਾ ਕੇ ਉਜਾਗਰ ਕੀਤੇ ਜਾਣ ਅਤੇ ਆਪਣੇ ਰਿਕਾਰਡ ਵਿੱਚ ਸੋਧ ਕੀਤੀ ਜਾਵੇ।
5. **<u>ਰੂਪਨਗਰ ਸ਼ਹਿਰ ਦੇ ਚੌਗਿਰਦੇ ਨੂੰ ਸੁੰਦਰ ਬਣਾਉਣ</u>**

**ਬਾਰੇ-** ਇਸ ਸ਼ਹਿਰ ਦੇ ਨਾਲ ਵਗਦੀ ਸਰਹੰਦ ਨਹਿਰ ਦੇ ਦੋਵੇਂ ਕੰਢਿਆਂ ਦੀ ਜੌੜੇ ਪੁਲਾਂ ਤੱਕ ਸਫ਼ਾਈ ਕਰਵਾ ਕੇ ਇਨ੍ਹਾਂ ਨੂੰ ਪੱਕੇ ਕੀਤਾ ਜਾਵੇ ਅਤੇ ਇਸ ਵਿੱਚ ਕਿਸ਼ਤੀਆਂ ਚਲਾਉਣ ਦਾ ਪ੍ਰਬੰਧ ਕੀਤਾ ਜਾਵੇ।

### ਸਨਮਾਨੇ ਗਏ ਵਿਅਕਤੀ

**ਦਾਨੀ-**ਸ. ਭਗਵਾਨ ਸਿੰਘ ਪੰਚਕੂਲਾ, ਸ਼੍ਰੀਮਤੀ ਹਰਮਿੰਦਰ ਕੌਰ ਪਤਨੀ ਸਵ.ਅਮਰੀਕ ਸਿੰਘ, ਰੂਪਨਗਰ ਅਤੇ ਇੰਜ.ਰਾਜਵਿੰਦਰ ਸਿੰਘ, ਗਲੋਬਲ ਡਾਇਰੈਕਟਰ ਅਰਿਕਸਨ ਯੂ.ਕੇ.

**ਅਹੁਦੇਦਾਰ**- ਸ਼੍ਰੀ ਸ਼ਿਵ ਕੁਮਾਰ ਲਾਲਪੁਰਾ, ਚੇਅਰਮੈਨ ਇੰਮਪਰੂਵਮੈਂਟ ਟਰੱਸਟ ਰੂਪਨਗਰ, ਸ. ਭਾਗ ਸਿੰਘ ਮਦਾਨ, ਪ੍ਰਧਾਨ ਮਾਰਕੀਟ ਕਮੇਟੀ ਰੂਪਨਗਰ ,ਸ. ਇੰਦਰਪਾਲ ਸਿੰਘ ਸਤਿਆਲ, ਐਮ.ਸੀ ਰੂਪਨਗਰ

**ਸਰਪੰਚ- ਜ਼ਿਲ੍ਹਾ ਰੂਪਨਗਰ-** ਸ. ਬਲਬੀਰ ਸਿੰਘ, ਪਿੰਡ-ਕਮਾਲਪੁਰ, ਸ. ਮੋਹਨ ਸਿੰਘ, ਪਿੰਡ-ਤਾਲਾਪੁਰ, ਸ਼੍ਰੀਮਤੀ ਗੁਰਮੀਤ ਕੌਰ, ਪਿੰਡ-ਭੱਕੂਮਾਜਰਾ, ਸ. ਹਾਕਮ ਸਿੰਘ, ਪਿੰਡ-ਖੇੜੀ ਸਲਾਬਤਪੁਰ, ਸ਼੍ਰੀਮਤੀ ਜਸਵੀਰ ਕੌਰ, ਪਿੰਡ-ਕੋਟਲਾ ਟੱਪਰੀਆਂ, ਸ਼੍ਰੀਮਤੀ ਜਸਵਿੰਦਰ ਕੌਰ, ਪਿੰਡ-ਸਿੰਘਪੁਰਾ, ਸ਼੍ਰੀਮਤੀ ਹਰਪ੍ਰੀਤ ਕੌਰ, ਪਿੰਡ-ਗੰਧੋਂ ਕਲਾਂ, ਸ਼੍ਰੀ ਵਿਜਯ ਕੁਮਾਰ, ਪਿੰਡ-ਸਰਥਲੀ, ਸ਼੍ਰੀ ਰਾਮ ਸਰੂਪ ਸੈਣੀ, ਪਿੰਡ-ਸੈਣੀ ਮਾਜਰਾ, ਸ. ਮਨਜੀਤ ਸਿੰਘ, ਪਿੰਡ-ਸੈਣੀ ਮਾਜਰਾ(ਢੱਕੀ), ਸ. ਸੁਖਵੀਰ ਸਿੰਘ, ਪਿੰਡ-ਨੂੰਹੋਂ, ਸ. ਕੁਲਦੀਪ ਸਿੰਘ, ਪਿੰਡ-ਘਨੌਲੀ, ਸ਼੍ਰੀਮਤੀ ਕੁਲਵਿੰਦਰ ਕੌਰ, ਪਿੰਡ-ਫੂਲ, ਸ਼੍ਰੀਮਤੀ ਕਰਮਜੀਤ ਕੌਰ, ਪਿੰਡ-ਬਹਾਵਲਪੁਰ, ਸ਼੍ਰੀਮਤੀ ਕੁਲਵਿੰਦਰ ਕੌਰ, ਪਿੰਡ-ਫੂਲਪੁਰ ਗਰੇਵਾਲ, ਸ. ਤੀਰਥ ਸਿੰਘ, ਪਿੰਡ-ਬੈਰਮਪੁਰ, ਸ਼੍ਰੀਮਤੀ ਹਰਜੀਤ ਕੌਰ, ਪਿੰਡ-ਸੈਣੀ ਮਾਜਰਾ ਜੱਟ ਪੱਤੀ, ਸ. ਲਖਵੀਰ ਸਿੰਘ, ਪਿੰਡ-ਗਾਜੀਪੁਰ, ਸ. ਦਿਦਾਰ ਸਿੰਘ, ਪਿੰਡ-ਬੇਲੀ,

**ਜ਼ਿਲ੍ਹਾ ਹੁਸ਼ਿਆਰਪੁਰ-** ਸ. ਓਂਕਾਰ ਸਿੰਘ, ਪਿੰਡ-ਬਗਵਾਈਂ ਅਤੇ ਸ. ਬਲਦੀਪ ਸਿੰਘ, ਪਿੰਡ-ਇਬਰਾਹੀਮਪੁਰ।

**ਜ਼ਿਲ੍ਹਾ- ਐਸ.ਬੀ.ਐਸ. ਨਗਰ-** ਸ਼੍ਰੀਮਤੀ ਅਮਨਦੀਪ ਕੌਰ, ਪਿੰਡ-ਅਟਾਰੀ, ਸ. ਸੰਤੋਖ ਸਿੰਘ, ਪਿੰਡ-ਖੋਜਾ ਬੇਟ, ਸ਼੍ਰੀਮਤੀ ਗੁਰਪ੍ਰੀਤ ਕੌਰ, ਪਿੰਡ-ਸ਼ੇਖੂਪੁਰ ਬਾਗ,

ਜ਼ਿਲ੍ਹਾ-ਐਸ.ਏ.ਐਸ. ਨਗਰ- ਸ਼੍ਰੀਮਤੀ ਹਰਦੀਪ ਕੌਰ, ਪਿੰਡ-ਸਿਆਮੀਪੁਰ।

**ਹੋਰ ਵਿਅਕਤੀ** -.ਕੁਮਾਰੀ ਸਿਮਰਨਜੀਤ ਕੌਰ, ਪਿੰਡ-ਕੋਟਲਾ ਟੱਪਰੀਆਂ, ਜ਼ਿਲ੍ਹਾ-ਰੂਪਨਗਰ, ਪਾਇਲਟ: ਸ. ਸ਼ਮਿੰਦਰ ਸਿੰਘ ਭੱਕੂਮਾਜਰਾ, ਲੇਖਕ; ਸ. ਰਵਿੰਦਰ ਸਿੰਘ, ਸੁਪਰਡੈਂਟ ਰੂਪਨਗਰ, ਸਮਾਜ ਸੇਵੀ; ਸ.ਅਮਨਦੀਪ ਸਿੰਘ, ਚੰਡੀਗੜ੍ਹ, ਸਮਾਜ ਸੇਵੀ; ਕੈਪਟਨ (ਰਿਟਾ.) ਸਤਨਾਮ ਸਿੰਘ, ਦੁਪਾਲਪੁਰ, ਸਮਾਜਸੇਵੀ।



ਕਵਿਤਾ

## ਨਸ਼ਿਆਂ ਦੀ ਪਰੀਭਾਸ਼ਾ

ਪ੍ਰਿਤਪਾਲ ਸਿੰਘ ਜਟਾਣਾ,
ਚੰਡੀਗੜ੍ਹ

ਕਹਿੰਦੇ ਨੇ ਨਸ਼ਿਆਂ ਦੀ ਪਰੀਭਾਸ਼ਾ ਹੈ ਮੁਸ਼ਕਲ,
ਤੇ ਨਸ਼ਿਆਂ ਦੀਆਂ ਵੰਨਗੀਆਂ ਬੇਸ਼ੁਮਾਰ।
ਕਿਸੇ ਨੂੰ ਨਸ਼ਾ ਹੈ, ਅਫ਼ੀਮ ਤੇ ਸ਼ਰਾਬ ਦਾ।
ਕਿਸੇ ਨੂੰ ਨਸ਼ਾ ਹੈ, ਜਵਾਨੀ ਤੇ ਸ਼ਬਾਬ ਦਾ।
ਕਿਸੇ ਨੂੰ ਨਸ਼ਾ ਹੈ, ਧਨ ਦੌਲਤ ਤੇ ਹੰਕਾਰ ਦਾ।
ਕਿਸੇ ਨੂੰ ਧਰਮ ਤੇ ਸਿਆਸਤ ਦਾ।
ਕਿਸੇ ਨੂੰ ਰਾਜ-ਸੱਤਾ ਸਰਕਾਰ ਦਾ।
ਕਹਿੰਦੇ ਨੇ......
ਇਹ ਸਭ ਨਸ਼ੇ ਨੇ ਭੈੜੇ ਨਸ਼ੇ-
ਮਨੁੱਖ ਨੂੰ ਗੈਰਮਨੁੱਖੀ ਬਣਾਦੇ।
ਤੇ ਧਾਰਮਿਕ ਨੂੰ ਅਧਾਰਮਿਕ ਬਣਾਂਦੇ।
ਪਰ ਬੰਦਾ ਤਾਂ ਸਦਾ ਬੰਦਗੀ ਕਮਾਂਵਦਾ।
ਐ ਦੋਸਤੋ, ਆਪਣੇ ਦੇਸ਼ ਦੇ ਵਾਰਸੋ !
ਆਓ ਆਪਾਂ ਕੋਈ ਨਸ਼ਾ ਇਵੇਂ ਦਾ ਕਰੀਏ।
ਮਨੁੱਖਾ ਜਨਮ ਨਾ ਬੇਅਰਥਾ ਕਰੀਏ।
ਤੇ ਹੋ ਜਾਈਏ ਸਾਵਧਾਨ,
ਕਰੀਏ ਬਾਬਾ ਨਾਨਕ ਦੀ ਸਿੱਖਿਆ ਦਾ ਧਿਆਨ-
ਕਿਰਤ ਕਰੀਏ, ਵੰਡ ਕੇ ਛਕੀਏ,
ਨਾਮ ਜਪੀਏ, ਨਾਮ ਜਪਾਈਏ
ਤੇ ਕਰੀਏ ਪਰਉਪਕਾਰ।
ਅਜੇਹਾ ਨਸ਼ਾ ਕਰੋ ਬਰਖੁਰਦਾਰ,
ਆਪਣਾ ਨਾਮ ਕਮਾਓ ਯਾਰ।
ਕਹਿੰਦੇ ਨੇ.....
ਐ ਮੇਰੇ ਵਤਨ ਦੇ ਨੌਜਵਾਨੋ-
ਦੇਸ਼ ਦੇ ਰੌਸ਼ਨਦਾਨੋ-
ਬਦਲ ਦੇਵੋ ਨਸ਼ਿਆਂ ਦੀ ਪਰੀਭਾਸ਼ਾ।
ਨਸ਼ਿਆਂ ਦੇ ਅਰਥ ਹੋ ਜਾਵਣ-'ਸਰਬੱਤ ਦਾ ਭਲਾ'
ਕਹਿੰਦੇ ਨੇ.......

### ਵਧਾਈ



ਭਾਰਤੀ ਹਵਾਈ ਸੇਨਾ ਦੇ ਗਰੁੱਪ ਕੈਪਟਨ ਸੁਭਾਂਸ਼ੂ ਸ਼ੁਕਲਾ ਨੇ 25 ਜੂਨ 2025 ਨੂੰ ਤਿੰਨ ਹੋਰ ਦੇਸ਼ਾਂ ਦੇ ਪੁਲਾੜ ਯਾਤਰੀਆਂ ਨਾਲ ਅਮਰੀਕਾ ਦੇ ਕੈਨੇਡੀ ਸਪੇਸ ਸਟੇਸ਼ਨ ਤੋਂ ਕੌਮਾਂਤਰੀ ਪੁਲਾੜ ਸਟੇਸ਼ਨ ਲਈ ਸਪੇਸ ਐਕਸ ਦੇ ਰਾਕਟ ਵਿੱਚ ਉਡਾਨ ਭਰਕੇ ਇਤਿਹਾਸ ਸਿਰਜਿਆ ਹੈ। ਸਾਰੇ ਦੇਸ਼ਵਾਸੀ ਇਸ ਸਫ਼ਲਤਾ ਲਈ ਵਧਾਈ ਦੇ ਪਾਤਰ ਹਨ।



# ਬੱਬਰਾਂ ਦੀ ਠਾਹਰ- ਪਿੰਡ ਪੰਡੋਰੀ ਗੰਗਾ ਸਿੰਘ ਦੇ ਸੈਣੀ ਯੋਧੇ

ਪੇਸ਼ਕਰਤਾ :ਮਨਜੀਤ ਸਿੰਘ ਤੰਬੜ
ਪਿੰਡ ਪੰਜੋੜ
(ਜ਼ਿਲ੍ਹਾ ਹੁਸ਼ਿਆਰਪੁਰ)

ਹੁਸ਼ਿਆਰਪੁਰ ਜ਼ਿਲ੍ਹੇ ਦੀ ਤਹਿਸੀਲ ਗੜ੍ਹਸ਼ੰਕਰ ਦਾ ਪਿੰਡ ਪੰਡੋਰੀ ਗੰਗਾ ਸਿੰਘ ਮਾਹਿਲਪੁਰ-ਫਗਵਾੜਾ ਸੜਕ 'ਤੇ ਪੈਂਦੇ ਪ੍ਰਸਿੱਧ ਪਿੰਡ ਕੋਟ ਫਤੂਹੀ ਤੋਂ 6 ਕੁ ਕਿਲੋਮੀਟਰ ਦੂਰ ਪੱਛਮ ਵੱਲ ਬਿਸਤ-ਦੁਆਬ ਨਹਿਰ ਦੇ ਨੇੜੇ ਪਿੰਡ ਕੰਗਰੌੜ, ਚੇਤਾ, ਪੰਜੌੜ ਅਤੇ ਮਖਸੂਸਪੁਰ ਦੇ ਦਰਮਿਆਨ ਬੰਗਾ ਅਤੇ ਫਗਵਾੜਾ ਤੋਂ 15-15 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਕ ਅਮੀਰ ਵਿਰਾਸਤ ਨੂੰ ਸੰਭਾਲੀ ਬੈਠਾ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦੇ ਧੁਰ ਦੱਖਣ ਵਿੱਚ ਬਿਰਾਜਮਾਨ ਇਹ ਪਿੰਡ ਨਵਾਂਸ਼ਹਿਰ ਅਤੇ ਕਪੂਰਥਲਾ ਜ਼ਿਲ੍ਹਿਆਂ ਦਾ ਸੰਗਮ ਕਰਵਾਉਂਦਾ ਹੈ।

ਜ਼ੁਬਾਨੀ ਗੱਲਾਂ ਅਨੁਸਾਰ ਤਕਰੀਬਨ ਦੋ-ਢਾਈ ਸਦੀਆਂ ਪਹਿਲਾਂ ਬੜਾ ਪਿੰਡ (ਧਲੇਤਾ) ਤੋਂ ਆ ਕੇ ਗੰਗਾ ਸਿੰਘ ਸਹੋਤਾ ਦੁਆਰਾ ਵਸਾਏ ਇਸ ਪਿੰਡ ਵਿੱਚ ਇਸ ਸਮੇਂ ਜੱਟਾਂ ਅਤੇ ਸੈਣੀਆਂ ਦੀ ਅੰਦਾਜ਼ਨ ਅੱਧੀ-ਅੱਧੀ ਵਸੋਂ ਹੈ। ਸਾਮਾਨ ਦੀ ਛੋਟੀ ਪੰਡ ਲਿਆ ਕੇ ਮੋਹੜੀ ਗੱਡਣ ਕਾਰਨ ਹੀ ਇਸ ਦਾ ਨਾਂ ਪੰਡੋਰੀ ਪਿਆ ਜਾਪਦਾ ਹੈ। ਇਸ ਤੋਂ ਥੋੜ੍ਹਾ ਸਮਾਂ ਬਾਅਦ ਹੀ ਬਹਾਦਰਪੁਰ ਪਿੰਡ ਤੋਂ ਆਏ ਸੈਣੀ ਬਰਾਦਰੀ ਦੇ ਬਜ਼ੁਰਗ ਚੂਹੜ ਨੇ ਇੱਥੇ ਆ ਕੇ ਵਸੇਬਾ ਕੀਤਾ ਜਿਸ ਤੋਂ ਚੈੜਾ ਗੋਤ ਹੋਂਦ ਵਿੱਚ ਆਇਆ। ਫਿਰ ਹਰਸੀ ਪਿੰਡ ਤੋਂ ਗਹੀਰ ਗੋਤ ਅਤੇ ਮਾਹਿਲਪੁਰ ਲਾਗਿਓਂ ਬਡਵਾਲ, ਢੱਕ, ਤੇ ਬੋਲਾ ਗੋਤਾਂ ਦੇ ਸੈਣੀ ਪਰਿਵਾਰ ਵੀ ਇੱਥੇ ਆ ਵਸੇ। ਇਸ ਪਿੰਡ ਦੇ ਸੈਣੀਆਂ ਨੇ ਕਈ ਖਾੜਕੂ ਯੋਧੇ ਪੈਦਾ ਕੀਤੇ ਜਿਨ੍ਹਾਂ ਵਿੱਚੋਂ ਦੋ ਦਾ ਜ਼ਿਕਰ ਕਰਨਾ ਜ਼ਰੂਰੀ ਹੈ।

**ਵਿਕਟੋਰੀਆ ਕਰਾਸ ਜੇਤੂ ਕਾਹਨ ਸਿੰਘ ਚੇੜਾ**-ਇਸ ਪਿੰਡ ਦੇ ਪੁਰਖੇ ਚੂਹੜ ਦੇ ਪੋਤਰੇ ਕਾਹਨ ਸਿੰਘ ਚੇੜਾ ਨੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਭਰਤੀ ਹੋ ਕੇ ਜਨਰਲ ਹਰੀ ਸਿੰਘ ਨਲੂਆ ਦੀ ਕਮਾਨ ਹੇਠ ਅਫ਼ਗਾਨਿਸਤਾਨ ਦੇ ਕਿਲ੍ਹਾ ਜਮਰੌਦ ਨੂੰ ਜਿੱਤਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਉਸ ਨੂੰ ਕਬੀਲਿਆਂ ਦੇ




ਜੰਗਲੀ ਪਹਾੜੀ ਸਰਦਾਰਾਂ ਵਿਰੁੱਧ ਗੁਰੀਲਾ ਯੁੱਧ ਕਰਨ ਦੀ ਵਿਸ਼ੇਸ਼ ਮੁਹਾਰਤ ਸੀ। ਜਦੋਂ 1849 ਵਿੱਚ ਅੰਗਰੇਜ਼ਾਂ ਦਾ ਪੰਜਾਬ 'ਤੇ ਕਬਜ਼ਾ ਹੋ ਗਿਆ ਤਾਂ ਹੋਰ ਦੇਸੀ ਰੈਜਮੈਂਟਾਂ ਵਾਂਗ ਕਾਹਨ ਸਿੰਘ ਦੀ ਰਜਮੈਂਟ ਵੀ ਤੋੜ ਦਿੱਤੀ ਗਈ ਤਾਂ ਉਹ ਵਾਪਿਸ ਆਪਣੇ ਪਿੰਡ ਪੰਡੋਰੀ ਗੰਗਾ ਸਿੰਘ ਆ ਗਿਆ। ਜਦੋਂ 1878 ਵਿੱਚ ਅੰਗਰੇਜ਼ਾਂ ਦਾ ਅਫ਼ਗਾਨਾਂ ਨਾਲ ਯੁੱਧ ਛਿੜਿਆ ਤਾਂ ਆਪਣੇ ਜਾਨੀ ਮਾਲੀ ਨੁਕਸਾਨ ਨੂੰ ਭਾਂਪਦਿਆਂ ਗੋਰਿਆਂ ਨੂੰ ਗੁਰੀਲਾ ਯੋਧਿਆਂ ਦੀ ਲੋੜ ਜਾਪੀ। ਅੰਗਰੇਜ਼ਾਂ ਨੇ ਬੁਢਾਪਾ ਉਮਰ ਵਿੱਚ ਪੁੱਜੇ ਸ. ਕਾਹਨ ਸਿੰਘ ਨਾਲ ਸੰਪਰਕ ਕੀਤਾ ਤਾਂ ਉਹ ਯੁੱਧ ਦੌਰਾਨ ਕੇਵਲ ਪਹਾੜੀ ਰਸਤਿਆਂ ਅਤੇ ਗੁਰੀਲਾ ਦਾਓਪੇਚਾਂ ਦੀ ਜਾਣਕਾਰੀ ਅਤੇ ਅਗਵਾਈ ਕਰਨ ਲਈ ਤਿਆਰ ਹੋ ਗਿਆ। ਇਸ ਯੁੱਧ ਦੌਰਾਨ ਅਚਾਨਕ ਸ. ਕਾਹਨ ਸਿੰਘ ਇੱਕ ਗੁਰੀਲਾ ਹਮਲੇ ਵਿੱਚ ਸ਼ਹੀਦ ਹੋ ਗਿਆ। ਉਨ੍ਹਾਂ ਨੂੰ ਉਥੇ ਹੀ ਪਹਾੜਾਂ ਵਿੱਚ ਦਫ਼ਨਾ ਦਿੱਤਾ ਗਿਆ। ਅੰਗਰੇਜ਼ਾਂ ਨੇ ਉਸ ਦੇ ਘਰਦਿਆਂ ਨੂੰ ਮੁਰੱਬਿਆਂ ਦੀ ਪੇਸ਼ਕਸ਼ ਕੀਤੀ ਜੋ ਉਸ ਦੇ ਇਕਲੌਤਾ ਬੇਟਾ, ਨੱਥਾ ਸਿੰਘ ਹੋਣ ਕਾਰਨ ਪਰਿਵਾਰ ਨੇ ਠੁਕਰਾ ਦਿੱਤੀ। ਅੰਗਰੇਜ਼ ਸਰਕਾਰ ਨੇ ਸ. ਕਾਹਨ ਸਿੰਘ ਨੂੰ ਵਿਕਟੋਰੀਆ ਕਰਾਸ ਨਾਲ ਸਨਮਾਨਿਤ ਕੀਤਾ ਜਿਸ ਦਾ ਮੈਡਲ ਅਜੇ ਵੀ ਵਾਰਸਾਂ ਪਾਸ ਮੌਜੂਦ ਹੈ।

**ਬੱਬਰ ਅਕਾਲੀ**- ਭਾਰਤ ਦੇ ਆਜ਼ਾਦੀ ਸੰਗ੍ਰਾਮ ਵਿੱਚ ਪੰਡੋਰੀ ਗੰਗਾ ਸਿੰਘ ਦੇ ਸੈਣੀਆਂ ਦਾ ਵਿਸ਼ੇਸ਼ ਯੋਗਦਾਨ ਹੈ। ਇਸ ਸੰਘਰਸ਼ ਦੀ ਇੱਕ ਮਹੱਤਵਪੂਰਨ ਲੜੀ ਬੱਬਰ ਅਕਾਲੀ ਲਹਿਰ ਵਿੱਚ ਇਸ ਪਿੰਡ ਦੇ ਬੱਬਰ ਮਹਿੰਦਰ ਸਿੰਘ ਪੁੱਤਰ ਸ. ਲਾਭ ਸਿੰਘ ਬਡਵਾਲ**,** ਬੱਬਰ ਹਜ਼ਾਰਾ ਸਿੰਘ ਅਤੇ ਬੱਬਰ ਇੰਦਰ ਸਿੰਘ ਪੁੱਤਰਾਨ ਬਸੰਤ ਸਿੰਘ ਬਡਵਾਲ ਅਤੇ ਬੱਬਰ ਕਰਤਾਰ ਸਿੰਘ ਪੁੱਤਰ ਸ. ਮਲੂਕ ਸਿੰਘ ਬਡਵਾਲ ਦੀਆਂ ਕੁਰਬਾਨੀਆਂ ਵਰਣਨਯੋਗ ਹਨ। ਅੰਗਰੇਜ਼ਾਂ ਤੋਂ ਆਜ਼ਾਦੀ ਹਾਸਲ ਕਰਨ ਲਈ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਦੋ ਚੱਕਰਵਰਤੀ (ਹਥਿਆਰਬੰਦ) ਧੜੇ ਪੰਜਾਬ ਦੇ ਦੋਆਬਾ ਇਲਾਕੇ ਵਿੱਚ ਸਰਗਰਮ ਸਨ। ਦੋਵਾਂ ਦਾ ਇੱਕ ਹੀ ਨਿਸ਼ਾਨਾ, ਆਜ਼ਾਦੀ ਪ੍ਰਾਪਤ ਕਰਨਾ ਸੀ, ਜਿਸ ਲਈ ਦੋਵਾਂ ਦੀ ਏਕਤਾ ਜ਼ਰੂਰੀ ਸੀ। ਇਸ ਮੰਤਵ ਲਈ ਅਗਸਤ, 1922 ਵਿੱਚ ਪਹਿਲੀ ਗੈਰ ਰਸਮੀ ਏਕਤਾ ਮਿਲਣੀ ਪਿੰਡ ਪੰਡੋਰੀ ਗੰਗਾ ਸਿੰਘ ਦੇ ਹਜ਼ਾਰਾ ਸਿੰਘ ਬਡਵਾਲ ਦੀ ਹਵੇਲੀ ਵਿੱਚ ਹੋਈ। ਇਸ ਇੱਕਜੁੱਟ ਬਬਰ ਅਕਾਲੀ ਲਹਿਰ ਨੇ ਅੰਗਰੇਜ਼ਾਂ ਦੀ ਨੀਂਦ ਹਰਾਮ ਕਰ ਦਿੱਤੀ। ਅੰਗਰੇਜ਼ਾਂ ਨੇ ਇਨ੍ਹਾਂ ਬੱਬਰਾਂ ਦੀ ਗ੍ਰਿਫਤਾਰੀ ਲਈ ਇਸ਼ਤਿਹਾਰ ਬੱਬਰਾਂ ਦੇ ਪਿੰਡਾਂ ਵਿੱਚ ਨਵੰਬਰ 1922, ਅਪ੍ਰੈਲ 1923 ਅਤੇ ਅਗਸਤ 1923 ਵਿੱਚ ਲਗਾਏ ਜੋ ਇਸ ਪਿੰਡ ਦੀਆਂ ਕੰਧਾਂ 'ਤੇ ਵੀ ਚਿਪਕਾਏ ਗਏ। ਇਨ੍ਹਾਂ ਇਨਾਮੀ ਬੱਬਰਾਂ ਵਿੱਚ ਇਸ ਪਿੰਡ ਦਾ ਬੱਬਰ ਮਹਿੰਦਰ ਸਿੰਘ ਬਡਵਾਲ ਵੀ ਸ਼ਾਮਿਲ ਸੀ।

**ਮਹਿੰਦਰ ਸਿੰਘ ਬਡਵਾਲ** ਲਾਭ ਸਿੰਘ ਉਰਫ ਲੱਭੂ ਅਤੇ ਧੰਨ ਕੌਰ ਉਰਫ ਧੰਨੋ ਦਾ ਇਕਲੌਤਾ ਪੁੱਤਰ ਸੀ ਜੋ 1901 ਵਿੱਚ ਪੈਦਾ ਹੋਇਆ ਅਤੇ ਮਹਿਜ਼ 22 ਸਾਲ ਦੀ ਉਮਰ ਵਿੱਚ ਸਤੰਬਰ, 1923 ਨੂੰ ਸ਼ਹੀਦੀ ਪਾ ਗਿਆ। ਉਸ ਦੇ ਬਜ਼ੁਰਗਾਂ ਦਾ ਪਿੰਡ ਬੱਡੋਂ ਸੀ ਪਰ ਬਚਪਨ ਵਿੱਚ ਹੀ ਮਾਂਬਾਪ ਦੇ ਗੁਜ਼ਰ ਜਾਣ ਕਾਰਨ ਆਪਣੇ ਨਾਨਕਿਆਂ ਦੇ ਘਰ ਪਿੰਡ ਪੰਡੋਰੀ ਗੰਗਾ ਸਿੰਘ ਵਿਖੇ ਰਹਿਣ ਲਈ ਮਜ਼ਬੂਰ ਹੋ ਗਿਆ। ਇਸ ਪ੍ਰਕਾਰ ਮਹਿੰਦਰ ਸਿੰਘ ਨੂੰ ਨਾਨਕਿਆਂ ਨੇ ਪਾਲਿਆ ਜਿਨ੍ਹਾਂ ਦਾ ਗੋਤ



ਗਹੀਰ ਸੀ। ਹੁੰਦੜਹੇਲ ਮਹਿੰਦਰ ਸਿੰਘ ਉੱਨੀ ਸਾਲ ਦੀ ਉਮਰ ਵਿੱਚ ਹੀ ਸਿੱਖ ਰਜਮੇਂਟ ਵਿੱਚ ਭਰਤੀ ਹੋ ਗਿਆ। ਇੱਥੇ ਉਹ ਦੇਸ਼ ਦੀ ਆਜ਼ਾਦੀ ਲਈ ਵਿਉਂਤਾਂ ਉਣਦਾ ਰਹਿੰਦਾ। ਉਹ ਆਪਣੇ ਸਾਥੀਆਂ ਨਾਲ ਗ਼ਦਰ ਲਹਿਰ ਦੀ ਗੱਲ ਕਰਦਾ, ਬਜਬਜ ਘਾਟ ਦੇ ਸਾਕੇ ਦੀਆਂ ਤੰਦਾਂ ਫਰੋਲਦਾ, ਉੱਠ ਰਹੀਆਂ ਵਤਨਪ੍ਰਸਤ ਲਹਿਰਾਂ ਦੇ ਸੰਵਾਦ ਰਚਾਉਂਦਾ ਰਹਿੰਦਾ। ਉਸ ਦੀਆਂ ਬਾਗੀ ਰੌਂਅ ਦੀਆਂ ਕਨਸੋਆਂ ਪਾਉਂਦਿਆਂ ਹੀ ਗੋਰੇ ਅਫ਼ਸਰਾਂ ਨੇ ਉਸ 'ਤੇ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ। ਸਿੱਟੇ ਵਜੋਂ ਉਹ ਫੌਜ ਵਿੱਚੋਂ ਕੋਰਟ ਮਾਰਸ਼ਲ ਹੋਣ ਉਪਰੰਤ ਅਪ੍ਰੈਲ, 1922 ਨੂੰ ਪਿੰਡ ਆ ਗਿਆ। ਪਿੰਡ ਵਿੱਚ ਉਸ ਨੇ ਸਮਾਜਕ ਪੰਚਾਇਤ ਦੀ ਸਥਾਪਨਾ ਕੀਤੀ, ਕਾਂਗਰਸ ਦੀ ਇਕਾਈ ਬਣਾਈ। ਉਹ ਦੇਸ਼ ਦੇ ਆਜ਼ਾਦੀ ਸੰਗ੍ਰਾਮ ਵਿੱਚ ਸਰਗਰਮ ਹੋ ਗਿਆ। ਉਹ ਗਦਰੀ ਕਰਮ ਸਿੰਘ ਦੌਲਤਪੁਰ ਦੇ ਬੱਬਰ ਅਕਾਲੀ ਜੱਥੇ ਵਿੱਚ ਸ਼ਾਮਿਲ ਹੋ ਕੇ ਦੇਸ਼ ਭਗਤਾਂ ਦੇ ਇਸ਼ਤਿਹਾਰ ਵੰਡਣ ਲੱਗਾ। ਪਹਿਲੀ ਸਤੰਬਰ, 1923 ਨੂੰ ਗਦਾਰ ਬੱਬਰ ਅਨੂਪ ਸਿੰਘ ਮਾਣਕੋ-ਘੜਿਆਲ ਵਲੋਂ ਧੋਖੇ ਨਾਲ ਬੇਹਥਿਆਰ ਹੋਣ ਕਰ ਕੇ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਬੰਬੇਲੀ ਵਿੱਚ ਇੱਕ ਅਣਸਾਵੇਂ ਮੁਕਾਬਲੇ ਵਿੱਚ ਇਹ ਯੋਧਾ, ਗਦਰੀ ਕਰਮ ਸਿੰਘ ਦੌਲਤਪੁਰ, ਬੱਬਰ ਉਦੈ ਸਿੰਘ ਰਾਮਪੁਰ ਝੂੰਗੀਆਂ ਅਤੇ ਬਿਸ਼ਨ ਸਿੰਘ ਮਾਂਗਟ ਨਾਲ ਸ਼ਹੀਦ ਹੋ ਗਿਆ। ਇਹ ਇਕ ਸਾਜ਼ਿਸੀ ਮੁਕਾਬਲਾ ਸੀ ਜਿਸ ਬਾਰੇ ਮੌਕੇ ਦੇ ਡਿਪਟੀ ਸੈਕਟਰੀ ਗਵਰਨਮੇਂਟ ਆਫ਼ ਇੰਡੀਆ, ਸੀ.ਡਬਲਯੂ.ਜੈਕਬ, ਆਈ.ਸੀ.ਐਸ. ਨੇ ਆਪਣੀ ਰਿਪੋਰਟ ਵਿੱਚ ਲਿਖਿਆ, "ਇੱਕੋ ਵੇਲੇ ਐਡੇ ਵੱਡੇ ਨਾਮਵਰ ਤੇ ਖਤਰਨਾਕ ਬੱਬਰ ਅਕਾਲੀਆਂ ਨੂੰ ਖਤਮ ਕਰਨ 'ਚ ਅਸੀਂ ਸਫ਼ਲ ਨਹੀਂ ਸੀ ਹੋਣਾ, ਜੇ ਉਨ੍ਹਾਂ ਵਿੱਚੋਂ ਹੀ ਇੱਕ ਆਪਣੇ ਕੁਨਬੇ ਅਤੇ ਜਾਣੂਆਂ ਨਾਲ ਹਮ-ਮਸ਼ਵਰਾ ਹੋ ਕੇ ਪੁਖਤਾ ਸੂਹ ਨਾ ਦਿੰਦਾ। ਮਾਰੇ ਸਾਡੇ ਵਿੱਚੋਂ ਵੀ ਕਈ ਜਾਣੇ ਸਨ ਜੇ ਉਸ ਘੁਣਤਰੀ ਗਦਾਰ ਵਲੋਂ ਉਨ੍ਹਾਂ ਦੇ ਹਥਿਆਰ ਪਹਿਲਾਂ ਹੀ ਸਮੇਟ ਨਾ ਲਏ ਜਾਂਦੇ।....ਮੈਂ ਉਨ੍ਹਾਂ ( ਬੱਬਰਾਂ) ਨੂੰ ਸਲਾਮ ਕਰਨੋਂ ਨਹੀਂ ਰੁਕ ਸਕਦਾ"।

ਬਬਰ ਅਕਾਲੀਆਂ ਦੀ ਮਦਦ ਕਰਨ ਬਦਲੇ ਹਜ਼ਾਰਾ ਸਿੰਘ ਬਡਵਾਲ ਨੂੰ 6 ਸਾਲ ਦੀ ਕੈਦ ਅਤੇ 200 ਰੁਪਏ ਜ਼ੁਰਮਾਨਾ ਹੋਇਆ, ਬਬਰ ਕਰਤਾਰ ਸਿੰਘ ਨੂੰ 3 ਸਾਲ ਕੈਦ ਅਤੇ ਬੱਬਰ ਇੰਦਰ ਸਿੰਘ ਨੂੰ ਵੀ ਸਖ਼ਤ ਸਜ਼ਾ ਹੋਈ ਸੀ। ਇਸ ਪਿੰਡ ਵਿੱਚ ਪੁਲਿਸ ਚੌਂਕੀ ਸਥਾਪਿਤ ਕਰ ਦਿੱਤੀ ਗਈ ਜਿਸ ਦਾ ਸਾਰਾ ਖਰਚ ਪਿੰਡ ਵਾਸੀਆਂ ਨੂੰ ਅਦਾ ਕਰਨਾ ਪੈਂਦਾ ਸੀ, ਬਹੁਤਾ ਬੋਝ ਸੈਣੀਆਂ ਸਿਰ ਪਾਇਆ ਜਾਂਦਾ ਸੀ।

**ਆਜ਼ਾਦ ਹਿੰਦ (ਆਈ ਐਨ ਏ) ਦੇ ਫੌਜੀ**- ਇਸ ਪਿੰਡ ਦੇ ਸੈਣੀਆਂ ਦਾ ਆਜ਼ਾਦ ਹਿੰਦ ਫ਼ੌਜ ਦੀਆਂ ਸਰਗਰਮੀਆਂ ਵਿੱਚ ਵੀ ਯੋਗਦਾਨ ਹੈ। ਸ. ਕਰਮ ਸਿੰਘ ਬਡਵਾਲ ਦੇ ਪੁੱਤਰ **ਲੈਫ਼.ਰਾਵਲ ਸਿੰਘ ਬਡਵਾਲ** ਜੋ ਸੈਨਿਕ ਸਕੂਲ ਤੋਂ ਸਿੱਖਿਆ ਹਾਸਲ ਕਰ ਕੇ 1933 ਵਿੱਚ ਬ੍ਰਿਟਿਸ਼ ਇੰਡੀਅਨ ਆਰਮੀ ਵਿੱਚ ਭਰਤੀ ਹੋਇਆ ਸੀ, ਨੂੰ ਦੂਜੇ ਵਿਸ਼ਵ ਯੁੱਧ ਸਮੇਂ ਪਹਿਲਾਂ ਸਿੰਘਾਪੁਰ ਅਤੇ ਫਿਰ ਬ੍ਰਿਟਿਸ਼ ਬੋਰਨੀਓ ਦੇਸ਼ ਵਿੱਚ ਭੇਜ ਦਿੱਤਾ ਗਿਆ ਸੀ। ਸੰਨ 1941 ਵਿੱਚ ਜਦੋਂ ਜਾਪਾਨ ਵੀ ਜੰਗ ਵਿੱਚ ਕੁੱਦ ਪਿਆ ਤਾਂ ਅੰਗਰੇਜ਼ੀ ਫੌਜ ਦੇ ਪੈਰ ਉੱਖੜ ਗਏ ਅਤੇ ਮਾਰਚ 1942 ਤੱਕ ਸਿੰਘਾਪੁਰ ਤੇ ਜਾਵਾ-ਸਮਾਟਰਾ, ਜਾਪਾਨੀਆਂ ਦੇ ਕਬਜ਼ੇ ਵਿੱਚ ਆ ਗਿਆ। ਆਤਮ ਸਮਰਪਣ ਕਰਨ ਵਾਲੇ ਅੰਗ੍ਰੇਜ਼ੀ ਫੌਜੀਆਂ ਵਿੱਚ ਰਾਵਲ ਸਿੰਘ ਵੀ ਸ਼ਾਮਿਲ ਸੀ। ਇਸ ਸਮੇਂ ਹੀ ਜਨਰਲ ਮੋਹਨ ਸਿੰਘ ਨੇ ਜਾਪਾਨ ਦੀ ਸਹਾਇਤਾ ਨਾਲ ਅੰਗਰੇਜ਼ਾਂ ਤੋਂ ਆਜ਼ਾਦੀ ਪ੍ਰਾਪਤ ਕਰਨ ਲਈ ਆਜ਼ਾਦ ਹਿੰਦ ਫੌਜ (ਆਈ ਐਨ ਏ) ਬਣਾ ਲਈ ਤਾਂ ਰਾਵਲ ਸਿੰਘ ਵੀ ਉਸ ਵਿੱਚ ਭਰਤੀ ਹੋ ਗਿਆ। ਇਸ ਜੰਗ ਦੇ ਅੰਤ ਵਿੱਚ ਜਾਪਾਨੀ ਫੌਜਾਂ ਨੇ ਹਥਿਆਰ ਸੁੱਟ ਦਿੱਤੇ ਤਾਂ ਆਈ ਐਨ ਏ ਦੇ ਸਿਪਾਹੀਆਂ ਨੂੰ ਅੰਗਰੇਜ਼ਾਂ ਨੇ ਬੰਦੀ ਬਣਾ ਲਿਆ ਅਤੇ ਦਿੱਲੀ ਵਿਖੇ ਲਾਲ ਕਿਲੇ ਵਿੱਚ ਇਨ੍ਹਾਂ ਵਿਰੁੱਧ ਦੇਸ਼ਧ੍ਰੋਹੀ ਦੇ ਮੁਕੱਦਮੇ ਚਲਾਏ ਗਏ। 1941 ਤੋਂ 1946 ਤੱਕ ਰਾਵਲ ਸਿੰਘ ਦੇ ਘਰ ਦਿਆਂ ਨੂੰ ਵੀ ਉਸ ਬਾਰੇ ਨਹੀਂ ਸੀ ਪਤਾ। ਉਸ ਨੂੰ ਸਖ਼ਤ ਸਜ਼ਾ ਸੁਣਾਈ ਗਈ। ਜੂਨ 1946 ਵਿੱਚ ਜੇਲ੍ਹ ਤੋਂ ਛੁੱਟਣ ਉਪਰੰਤ ਉਹ ਖਾਲੀ ਹੱਥ ਆਪਣੇ ਘਰ ਨੂੰ ਆਇਆ। ਉਸ ਨੂੰ ਆਪਣੇ ਪਿੰਡ ਹੀ ਜੂਹ-ਬੰਦ ਕਰ ਦਿੱਤਾ ਗਿਆ। ਬਗੈਰ ਇਜਾਜ਼ਤ ਤੋਂ ਉਹ ਥਾਣੇ ਦੀ ਹੱਦ ਤੋਂ ਬਾਹਰ ਨਹੀਂ ਜਾ ਸਕਦਾ ਸੀ। ਆਜ਼ਾਦੀ ਮਿਲਣ ਤੱਕ ਉਹ ਇਸੇ ਹਾਲਤ ਵਿੱਚ ਰਿਹਾ। ਸ. ਰਾਵਲ ਸਿੰਘ ਦਾ ਪਰਿਵਾਰ ਹੁਣ ਅਮਰੀਕਾ ਵਿੱਚ ਰਹਿੰਦਾ ਹੈ।



## ਬ੍ਰਹਿਮੰਡ ਦੀ ਅਨੰਤਤਾ

ਧਰਤੀ, ਅਕਾਸ਼ ਗੰਗਾ ਗਲੈਕਸੀ ਦੇ 3.2 ਟ੍ਰਿਲੀਅਨ ਗ੍ਰਹਿਆਂ ਵਿੱਚੋਂ ਇੱਕ ਹੈ। ਸੂਰਜ, ਅਕਾਸ਼ ਗੰਗਾ ਗਲੈਕਸੀ ਦੇ 200 ਬਿਲੀਅਨ ਤਾਰਿਆਂ ਵਿੱਚੋਂ ਇੱਕ ਹੈ। ਅਕਾਸ਼ ਗੰਗਾ ਗਲੈਕਸੀ, ਜਾਣੇ ਜਾ ਚੁਕੇ ਬ੍ਰਹਿਮੰਡ ਦੀਆਂ 2 ਟ੍ਰਿਲਿਅਨ ਗਲੈਕਸੀਆਂ ਵਿੱਚੋਂ ਇੱਕ ਹੈ। ਬ੍ਰਹਿਮੰਡ ਦਾ ਕੇਵਲ 4% ਭਾਗ ਤਾਰਿਆਂ, ਗ੍ਰਹਿਆਂ ਅਤੇ ਜੀਵਾਂ ਦੇ ਰੂਪ ਵਿੱਚ **ਦਿਸਦਾ ਪਦਾਰਥ** ਹੈ। ਬ੍ਰਹਿਮੰਡ ਦਾ 23% ਭਾਗ **ਅਦਿੱਖ ਡਾਰਕ ਪਦਾਰਥ** ਹੈ ਜੋ ਗਲੈਕਸੀਜ਼ ਨੂੰ ਜੋੜ ਕੇ ਰੱਖਣ ਦਾ ਕੰਮ ਕਰਦਾ ਹੈ। ਬ੍ਰਹਿਮੰਡ ਦਾ 73% ਭਾਗ **ਡਾਰਕ ਊਰਜਾ** ਹੈ ਜੋ ਬ੍ਰਹਿਮੰਡ ਦੇ ਪਸਾਰ ਨੂੰ ਤੇਜ਼ ਕਰਦੀ ਹੈ ਪਰ ਅਜੇ ਤੱਕ ਇਸ ਦਾ ਭੇਦ ਨਹੀਂ ਪਾਇਆ ਜਾ ਸਕਿਆ।

ਯਾਤਰਾ

# ਜਿਨ੍ਹਾਂ ਗੁਰਧਾਮਾਂ ਤੋਂ ਸਾਨੂੰ ਵਿਛੋੜਿਆ ਗਿਆ

ਰਾਜਿੰਦਰ ਸਿੰਘ ਨੰਨੂਆ
ਰੂਪਨਗਰ



ਸਿੱਖ ਕੌਮ ਤੋਂ ਵਿੱਛੜ ਚੁੱਕੇ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਬਚਪਨ ਤੋਂ ਅਰਦਾਸ ਸੁਣਦੇ ਅਤੇ ਕਰਦੇ ਆ ਰਹੇ ਸੀ ਪਰ ਉਮਰ ਦੇ 61ਵੇਂ ਸਾਲ ਵਿਚ ਇਹ ਸੁਭਾਗ ਪ੍ਰਾਪਤ ਹੋਇਆ। ਮੈਂ ਅਤੇ ਮੇਰੀ ਧਰਮ ਪਤਨੀ ਪ੍ਰਿੰਸੀਪਲ ਰਵਿੰਦਰ ਕੌਰ (ਰਿਟਾ:) ਆਪਣੇ ਜਥੇ ਸਮੇਤ 9 ਅਪ੍ਰੈਲ, 2025 ਨੂੰ ਰੋਪੜ ਤੋਂ ਅੰਮ੍ਰਿਤਸਰ ਪਹੁੰਚੇ। ਜਿੱਥੇ ਸਭ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਦਰਸ਼ਨ ਕੀਤੇ। ਫਿਰ ਅਸੀਂ ਮਾਤਾ ਗੰਗਾ ਜੀ ਨਿਵਾਸ ਵਿਖੇ ਵੀਜ਼ਾ ਲੱਗੇ ਪਾਸਪੋਰਟ ਪ੍ਰਾਪਤ ਕਰ ਕੇ 20 ਯਾਤਰੀਆਂ ਸਮੇਤ ਅਟਾਰੀ ਵਿਖੇਂ ਨੀਲਧਾਰੀ ਸੰਪਰਦਾ ਦੇ ਗੁਰਦੁਆਰੇ ਵਿਚ ਬਣੀ ਸਰਾਂ ਵਿਚ ਟਿਕਾਣਾ ਕੀਤਾ ਜਿੱਥੇ ਠਹਿਰਣ ਦਾ ਵਧੀਆ ਇੰਤਜ਼ਾਮ ਸੀ। ਪ੍ਰਬੰਧਕਾਂ ਵਲੋਂ ਸੰਗਤ ਲਈ ਲੰਗਰ ਦਾ ਵੀ ਵਧੀਆ ਪ੍ਰਬੰਧ ਕੀਤਾ ਹੋਇਆ ਸੀ।

ਦੂਜੇ ਦਿਨ ਮਿਤੀ 10.4.2025 ਨੂੰ ਅਸੀਂ ਸਾਰੀ ਸੰਗਤ ਸਮੇਤ ਸਵੇਰੇ ਅਟਾਰੀ ਬਾਰਡਰ ਪਹੁੰਚੇ ਜਿੱਥੇ ਪਹਿਲਾਂ ਹੀ ਪਾਕਿਸਤਾਨ ਜਾਣ ਵਾਲੇ ਯਾਤਰੀ ਬੜੀਆਂ ਲੰਬੀਆ ਲਾਈਨਾਂ ਵਿਚ ਖੜ੍ਹੇ ਸਨ। ਇੱਥੇ ਸਮਾਨ ਦੀ ਸਕੈਨਿੰਗ ਅਤੇ ਸਟੈਂਪਿੰਗ ਹੋਣ ਉਪਰੰਤ ਅਸੀਂ ਬਾਰਡਰ 'ਤੇ ਬਣੇ ਮੁੱਖ ਗੇਟ ਰਾਹੀਂ ਪਾਕਿਸਤਾਨ ਵਾਲੇ ਪਾਸੇ ਵਾਹਗਾ ਚੈੱਕ ਪੋਸਟ ਵੱਲ ਦਾਖਲ ਹੋਏ। ਇਹ ਉਹੀ ਗੇਟ ਹਨ ਜਿੱਥੇ ਰੋਜ਼ਾਨਾ ਭਾਰਤ ਅਤੇ ਪਾਕਿਸਤਾਨ ਦੇ ਜਵਾਨ ਸ਼ਾਮ ਨੂੰ ਆਪੋ ਆਪਣੇ ਰਾਸ਼ਟਰੀ ਝੰਡਿਆਂ ਨੂੰ ਸਤਿਕਾਰ ਪੂਰਬਕ ਉਤਾਰਦੇ ਹਨ। ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਹੁਣ ਤੱਕ 78 ਸਾਲਾਂ ਵਿਚ ਪਹਿਲੀ ਵਾਰ ਲੱਗਭੱਗ 6700 ਸਿੱਖਾਂ ਦੇ ਵੱਡੇ ਜੱਥੇ ਨੂੰ ਵੱਡੇ ਪੱਧਰ ਤੇ ਭਾਰਤ ਸਰਕਾਰ ਅਤੇ ਪਾਕਿਸਤਾਨ ਸਰਕਾਰ ਵਲੋਂ ਵੀਜ਼ੇ ਲਗਾਏ ਗਏ ਸਨ। ਅਟਾਰੀ ਬਾਰਡਰ ਤੇ ਬੀ.ਐਸ.ਐਫ ਦੇ ਜਵਾਨਾਂ ਅਤੇ ਅਧਿਕਾਰੀਆਂ ਦਾ ਸੰਗਤ ਨਾਲ ਰਵੱਈਆ ਬਹੁਤ ਹੀ ਮਿਲਵਰਤਣ ਅਤੇ ਸਹਿਯੋਗ ਵਾਲਾ ਸੀ ਪਰ ਸੰਗਤ ਵਿਚ ਕੁਝ ਅਜਿਹੇ ਵੀ ਸਨ ਜੋ ਲਾਈਨਾ ਤੋੜ ਕੇ ਧੱਕੇ ਨਾਲ ਸਭ ਤੋਂ ਪਹਿਲਾਂ ਅੱਗੇ ਨਿਕਲ ਜਾਣ ਲਈ ਦੂਜੇ ਯਾਤਰੀਆਂ ਨਾਲ ਧੱਕਾ ਵੀ ਕਰ ਰਹੇ ਸਨ ਜਦਕਿ ਉੱਥੇ ਪਹਿਲਾ ਜਾਣ ਜਾਂ ਬਾਅਦ ਵਿਚ ਜਾਣ ਨਾਲ ਕੋਈ ਫਰਕ ਨਹੀਂ ਪੈਣਾ ਸੀ ਕਿਉਂਕਿ ਪਾਕਿਸਤਾਨ ਵਾਲੇ ਪਾਸੇ ਸਾਰੀਆਂ ਸਵਾਰੀਆਂ ਨੂੰ ਬੱਸਾਂ ਵਿਚ ਇਕੱਠੇ ਹੀ ਤੋਰਿਆ ਜਾਣਾ ਸੀ। ਪਾਕਿਸਤਾਨ ਵਾਲੇ ਪਾਸੇ ਵੀ ਸਮਾਨ ਦੀ ਸਕੈਨਿੰਗ ਕੀਤੀ ਗਈ ਅਤੇ ਪਾਸਪੋਰਟ ਉੱਤੇ ਸਟੈਪਿੰਗ ਕੀਤੀ ਗਈ ਜਿਸ ਉਪਰੰਤ ਉੱਥੇ ਵੱਡੇ ਸਾਰੇ ਸ਼ਾਮਿਆਨੇ ਵਿਚ ਸੰਗਤ ਦੇ ਬੈਠਣ ਦਾ ਇੰਤਜ਼ਾਮ ਕੀਤਾ ਹੋਇਆ ਸੀ ਜਿੱਥੇ ਸ਼ਰਬਤ, ਚਾਹ ਅਤੇ ਬਿਸਕੁਟ ਆਦਿ ਦਾ ਪ੍ਰਬੰਧ ਸੀ। ਇਸ ਜਗ੍ਹਾ ਤੋਂ ਸਾਰੀ ਸੰਗਤ ਨੂੰ ਇਕ ਦੂਜੇ ਸ਼ਾਮਿਆਨੇ ਵਿਚ ਲਿਜਾਇਆ ਗਿਆ। ਇੱਥੇ ਹੀ ਯਾਤਰੀਆਂ ਵਲੋਂ ਆਪਣੀ 10 ਦਿਨਾਂ ਯਾਤਰਾ ਲਈ ਬੱਸਾਂ ਦਾ ਕਿਰਾਇਆ ਜਮਾਂ ਕਰਾਇਆ ਜੋ 60 ਅਮਰੀਕੀ ਡਾਲਰ ਸੀ। ਇੱਥੋਂ ਅਸੀਂ ਪਾਕਿਸਤਾਨੀ ਕਰੰਸੀ ਵੀ ਲਈ। ਭਾਰਤੀ 500 ਰੁਪਏ ਵਿਚ ਪਾਕਿਸਤਾਨੀ 1500 ਰੁਪਏ ਪ੍ਰਾਪਤ ਕੀਤੇ ਜਾ ਸਕਦੇ ਸਨ। ਇੱਥੇ ਸਾਰੇ ਯਾਤਰੀਆਂ ਨੂੰ ਪੱਕੇ ਤੌਰ 'ਤੇ ਬੱਸ ਨੰਬਰ ਅਤੇ ਸੀਟ ਨੰਬਰ ਅਲਾਟ ਕਰ ਦਿੱਤੇ ਗਏ।



ਯਾਤਰੀਆਂ ਦਾ ਜਥਾ ਵੱਡਾ ਹੋਣ ਕਾਰਨ ਸਾਰੇ ਯਾਤਰੀਆਂ ਨੂੰ ਦੋ ਜੱਥਿਆਂ ਵਿਚ ਵੰਡ ਦਿੱਤਾ ਗਿਆ। ਲੱਗਭੱਗ 3000 ਯਾਤਰੀਆਂ ਦੇ ਪਹਿਲੇ ਜੱਥੇ ਨੂੰ ਸ੍ਰੀ ਪੰਜਾ ਸਾਹਿਬ, ਹਸਨ ਅਬਦਾਲ ਲਿਜਾਇਆ ਜਾਣਾ ਸੀ ਅਤੇ ਬਾਕੀ ਦੇ ਦੂਜੇ ਜਥੇ ਨੂੰ ਕਰਤਾਰ ਪੁਰ ਸਾਹਿਬ ਲਿਜਾਇਆ ਜਾਣਾ ਸੀ। ਅਸੀਂ ਪਹਿਲੇ ਜਥੇ ਵਿਚ ਸਾਂ। ਇਸ ਜਥੇ ਦੀਆਂ 34 ਵਾਲਵੋ ਬੱਸਾਂ ਹਸਨ ਅਬਦਾਲ ਲਈ ਪਹਿਲਾਂ ਚੱਲ ਪਈਆਂ। ਸਾਨੂੰ ਕਰੀਬ ਡੇਢ ਕਿਲੋਮੀਟਰ ਦੀ ਦੂਰੀ 'ਤੇ ਇਕ ਖੁਲ੍ਹੀ ਜਗ੍ਹਾ ਰੋਕਿਆ ਗਿਆ ਜਿੱਥੇ ਸਾਰੇ ਯਾਤਰੀਆਂ ਨੂੰ ਗਲ ਵਿਚ ਪਾਏ ਜਾਣ ਵਾਲੇ ਯਾਤਰੀ ਕਾਰਡ ਦਿੱਤੇ ਗਏ। ਇਸ ਜਗ੍ਹਾ ਪਾਕਿਸਤਾਨ ਗੁਰਦੁਆਰਾ ਕਮੇਟੀ ਵਲੋਂ ਸੰਗਤ ਲਈ ਲੰਗਰ ਦਾ ਬਹੁਤ ਹੀ ਸ਼ਾਨਦਾਰ ਪ੍ਰਬੰਧ ਕੀਤਾ ਗਿਆ ਸੀ ਜਿਸ ਦੀ ਸੇਵਾ ਸਿੰਧੀ ਨੌਜਵਾਨ ਬੜੀ ਹੀ ਸ਼ਰਧਾ ਨਾਲ ਕਰ ਰਹੇ ਸਨ। ਸਾਡੀਆਂ ਸਾਰੀਆਂ ਬੱਸਾਂ ਵਿਚ ਪਾਕਿਸਤਾਨ ਦੇ ਦੋ ਕਰਮਚਾਰੀ ਅਤੇ ਇਕ ਇਵੈਕਿਊ ਬੋਰਡ ਦਾ ਮੁਲਾਜ਼ਮ ਵੀ ਨਾਲ ਸਨ। ਇਸ ਕਾਫਲੇ ਦੇ ਨਾਲ ਰੈਸਕਿਊ ਵੈਨਾਂ ਜਿਨ੍ਹਾਂ ਵਿਚ ਡਾਕਟਰੀ ਸਹਾਇਤਾ ਦੇਣ ਲਈ ਜਾਂ ਕਿਸੇ ਬੱਸ ਦੀ ਖ਼ਰਾਬੀ ਜਾਂ ਕਿਸੇ ਹੋਰ ਜ਼ਰੂਰਤ ਸਮੇਂ ਸਹਾਇਤਾ ਲਈ ਪੂਰੀ ਟੀਮ ਤਾਇਨਾਤ ਸੀ। ਇਕ ਵਿਸ਼ੇਸ਼ ਖਾਲੀ ਬੱਸ ਤਾਂ ਕਿ ਅਗਰ ਕੋਈ ਬੱਸ ਕਿਸੇ ਕਾਰਨ ਖਰਾਬ ਹੋ ਜਾਵੇ ਤਾਂ ਉਸ ਦੇ ਬਦਲਵੇਂ ਪ੍ਰਬੰਧ ਲਈ ਨਾਲ ਨਾਲ ਚੱਲ ਰਹੀ ਸੀ। ਜਿੱਥੋਂ ਜਿੱਥੋਂ ਸਾਡਾ ਕਾਫ਼ਲਾ ਗੁਜ਼ਰ ਰਿਹਾ ਸੀ ਉਸ ਪਾਸੇ ਦੇ ਸਾਰੇ ਰਸਤੇ ਦੂਜੇ ਵਾਹਨਾਂ ਲਈ ਬੰਦ ਕਰ ਦਿੱਤੇ ਜਾਂਦੇ ਸਨ। ਰਸਤੇ ਵਿਚ ਜਗ੍ਹਾ ਜਗ੍ਹਾ ਬੱਚੇ, ਨੌਜਵਾਨ ਅਤੇ ਬੁੱਢੇ ਹੱਥ ਲਹਿਰਾ ਕੇ ਸਿੱਖ ਜੱਥੇ ਦਾ ਸਵਾਗਤ ਕਰਦੇ ਨਜ਼ਰ ਆਏ ਅਤੇ ਕੁਝ ਲੋਕ ਸਾਡੇ ਕਾਫ਼ਲੇ ਦੀਆਂ ਵੀਡਿਓ ਵੀ ਬਣਾ ਰਹੇ ਸਨ।

ਪਾਕਿਸਤਾਨ ਵਿਚ ਪਹਿਲੀ ਵਾਰ ਦਾਖਲ ਹੋਏ ਸਾਂ ਅਤੇ ਉਤਸੁਕਤਾ ਸੀ ਇਸ ਦੇਸ਼ ਨੂੰ ਦੇਖਣ ਦੀ, ਸਫ਼ਰ ਦੌਰਾਨ ਦੇਖਿਆ ਗਿਆ ਕਿ ਪਾਕਿਸਤਾਨ ਵਿਚ ਵੀ ਵਾਹਗਾ ਬਾਰਡਰ

ਤੋਂ ਥੋੜ੍ਹੀ ਦੂਰ ਬਾਅਦ ਹੀ ਪਿੰਡ ਅਤੇ ਕਸਬੇ ਸ਼ੁਰੂ ਹੋ ਗਏ ਦੁਕਾਨਾਂ ਤੇ ਬੋਰਡ ਉਰਦੂ ਭਾਸ਼ਾ ਵਿਚ ਲਿਖੇ ਹੋਣ ਕਾਰਨ ਪੜ੍ਹੇ ਨਹੀਂ ਜਾ ਸਕਦੇ ਸਨ ਪਰ ਕਿਤੇ ਕਿਤੇ ਕੋਈ ਅੰਗਰੇਜ਼ੀ ਵਿਚ ਬੋਰਡ ਆ ਜਾਂਦਾ ਤਾਂ ਪਤਾ ਲੱਗਦਾ ਕਿ ਕਿਹੜਾ ਕਸਬਾ ਜਾਂ ਸ਼ਹਿਰ ਹੈ। ਪਾਕਿਸਤਾਨ ਵਿਚ ਵੀ ਲਾਹੌਰ ਤੱਕ ਪੂਰਾ ਸ਼ਹਿਰੀਕਰਨ ਹੁੰਦਾ ਜਾ ਰਿਹਾ ਹੈ ਮੈਰਿਜ ਪੈਲੇਸ ਵੀ ਬਣੇ ਹੋਏ ਹਨ ਕੁਝ ਵੱਡੇ ਸ਼ੋ ਰੂਮ ਵੀ ਨਜ਼ਰ ਆਏ ਪਰ ਆਮ ਰਹਿਣ ਸਹਿਣ ਸਾਦਾ ਪਿੰਡਾਂ ਵਿਚ ਕੋਈ ਬਹੁਤੀ ਤਰੱਕੀ ਨਹੀਂ ਦਿੱਖੀ। ਹਰ ਘਰ ਉੱਤੇ ਕਬੂਤਰਾਂ ਦੀਆਂ ਛਤਰੀਆਂ ਲੱਗੀਆਂ ਹੋਈਆਂ ਸਨ ਜਿਸ ਤੋਂ ਪਤਾ ਚਲਦਾ ਹੈ ਕਿ ਲੋਕ ਕਬੂਤਰਬਾਜੀ ਦਾ ਸ਼ੌਂਕ ਰੱਖਦੇ ਹਨ। ਲਾਹੌਰ ਨਜ਼ਦੀਕ ਆ ਰਿਹਾ ਸੀ ਤੇ ਮੈਟਰੋ ਵੀ ਦਿੱਖੀ। ਹੁਣ ਕਾਫੀ ਖੁੱਲ੍ਹਾ ਹਾਈਵੇ ਵੀ ਆ ਗਿਆ ਸੀ। ਇਹ ਹਾਈਵੇ ਚੀਨ ਸਰਕਾਰ ਦੀ ਸਹਾਇਤਾ ਨਾਲ ਬਣੇ ਹੋਏ ਹਨ ਜਿਨ੍ਹਾਂ ਤੇ ਟੋਲ ਟੈਕਸ ਵੀ ਲੱਗਦਾ ਹੈ। ਇਨ੍ਹਾਂ ਹਾਈਵੇਜ਼ ਨਾਲ ਕੋਈ ਵੀ ਸੜਕ ਸਿੱਧੀ ਨਹੀਂ ਜੁੜਦੀ ਅਤੇ ਨਾ ਹੀ ਕਿਸੀ ਜਗ੍ਹਾ ਕਰਾਸ ਹੁੰਦੀਆਂ ਹਨ ਇਨਾਂ ਨਾਲ ਮਿਲਣ ਵਾਲੀਆਂ ਸੜਕਾਂ ਅੰਗਰੇਜੀ ਦੀ ਵਾਈ ਦੇ ਅਕਾਰ ਵਿਚ ਕਾਫੀ ਲੰਬੀ ਦੂਰੀ ਨਾਲ ਮਿਲਦੀਆਂ ਹਨ ਅਤੇ ਜੀਰੋ ਦੀ ਆਕ੍ਰਿਤੀ ਵਿਚ ਦੂਜੇ ਪਾਸੇ ਉਤਰਦੀਆਂ ਹਨ ਪਰ ਕਿਸੀ ਜਗ੍ਹਾ ਵੀ ਚੌਰਸਤਾ ਨਹੀਂ ਹੈ ਜਾਂ ਤਾਂ ਓਵਰਬਰਿਜ ਹਨ ਜਾਂ ਅੰਡਰ ਬਰਿਜ, ਜਿਸ ਕਾਰਨ ਟਰੈਫਿਕ ਲਾਈਟਾਂ ਦੀ ਜਰੂਰਤ ਹੀ ਨਹੀਂ ਹੈ। ਇਨ੍ਹਾਂ ਹਾਈਵੇਜ਼ ਤੇ ਟਰੈਕਟਰ, ਘੋੜਾ ਗੱਡੀ, ਥਰੀਵੀਲਰ, ਮੋਟਰਸਾਈਕਲ ਆਦਿ ਨਹੀਂ ਚਲ ਸਕਦੇ। ਰਸਤੇ ਵਿਚ ਪੱਕੀਆਂ ਹੋਈਆਂ ਕਣਕਾਂ ਦੇ ਸੁਨਿਹਰੀ ਖੇਤ ਦੂਰ ਦੂਰ ਤੱਕ ਨਜ਼ਰ ਆ ਰਹੇ ਸਨ ਜਾਂ ਫਿਰ ਬਰਸੀਣ ਦੇ ਵੱਡੇ ਵੱਡੇ ਖੇਤ। ਮੱਝਾਂ ਅਤੇ ਗਾਵਾਂ ਦੀ ਬਹੁਤਾਤ ਨਜ਼ਰ ਆਈ। ਹਾਈਵੇਜ਼ 'ਤੇ ਟੋਇਟਾ, ਸਜ਼ੂਕੀ ਅਤੇ ਹੋਂਡਾ ਕਾਰਾਂ ਤੋਂ ਇਲਾਵਾ ਕੋਈ ਹੋਰ ਬਰਾਂਡ ਨਹੀਂ ਦਿੱਖਿਆ। ਮੋਬਾਈਲ ਨੈਟਵਰਕ ਲਈ ਯੂਫੋਨ ਅਤੇ ਜੌਂਗ 4ਜੀ ਆਦਿ ਦੇ ਬੋਰਡ ਵੇਖਣ ਨੂੰ ਮਿਲੇ। ਖੇਤਾਂ ਵਿਚ ਸੋਲਰ ਟਿਊਬਵੈੱਲ ਦੀ ਬਹੁਤਾਤ ਸੀ ਪਰ ਬਿਜਲੀ ਦਾ ਕੋਈ ਖੰਬਾ ਨਹੀਂ ਸੀ। ਰਸਤੇ ਵਿਚ ਫਰੈਸ਼ ਹੋਣ ਲਈ ਇਕ ਸਰਵਿਸ ਸਟੇਸ਼ਨ ਤੇ ਸਾਡਾ ਬੱਸਾਂ ਦਾ ਕਾਫਲਾ ਰੁਕਿਆ। ਇਸ ਸਰਵਿਸ ਸਟੇਸ਼ਨ 'ਤੇ ਹਰ ਪ੍ਰਕਾਰ ਦੀਆਂ ਖਾਣ ਪੀਣ ਦੀਆਂ ਵੱਡੀਆਂ ਕੰਪਨੀਆਂ ਦੇ ਆਧੁਨਿਕ ਸ਼ੋਰੂਮ, ਪੈਟਰੋਲ ਪੰਪ ਅਤੇ ਬੱਸਾਂ ਦੇ ਖੜ੍ਹਨ ਲਈ ਖੁੱਲ੍ਹੀ ਪਾਰਕਿੰਗ ਤੇ ਖੂਬਸੂਰਤ ਪਾਰਕਾਂ ਸਨ। ਇਕ ਗਲ ਹੋਰ ਮਨ ਨੂੰ ਖੁਸ਼ੀ ਦੇਣ ਵਾਲੀ ਇਹ ਕਿ ਸ੍ਰੀ ਪੰਜਾ ਸਾਹਿਬ ਨੂੰ ਜਾਦਿਆਂ ਪਹਿਲਾਂ ਚਨਾਬ ਦਰਿਆ ਨੂੰ ਪਾਰ ਕੀਤਾ ਜਿਸ ਵਿਚ ਬਹੁਤ ਥੋੜ੍ਹਾ ਪਾਣੀ ਸੀ ਅਤੇ ਫਿਰ ਜਿਹਲਮ ਦਰਿਆ ਦੇ ਵੀ ਦਰਸ਼ਨ ਕੀਤੇ ਜੋ ਸਾਰਾ ਹੀ ਸੁੱਕਾ ਪਿਆ ਸੀ।

ਦੇਰ ਰਾਤ ਸਾਡੀਆਂ ਬੱਸਾਂ ਦਾ ਕਾਫਲਾ ਸ੍ਰੀ ਪੰਜਾ ਸਾਹਿਬ, ਹਸਨ ਅਬਦਾਲ ਪਹੁੰਚਿਆ, ਜਿੱਥੇ ਸੁਰੱਖਿਆ ਦੇ ਬੜੇ ਹੀ ਸਖ਼ਤ ਪ੍ਰਬੰਧ ਸਨ। ਹਸਨ ਅਬਦਾਲ ਤੋਂ ਇਕ ਪਾਸੇ ਇਕ ਘੰਟੇ ਦੇ ਸਫ਼ਰ ਤੇ ਪੇਸ਼ਾਵਰ ਪੈਂਦਾ ਹੈ ਅਤੇ ਇਸੇ ਤਰ੍ਹਾਂ- ਦੂਜੇ ਪਾਸੇ ਘੰਟੇ ਡੇਢ ਘੰਟੇ ਦੇ ਸਫ਼ਰ ਤੇ ਇਸਲਾਮਾਬਾਦ ਹੈ। ਸੰਗਤ ਦੇ ਠਹਿਰਨ ਲਈ ਸ੍ਰੀ ਪੰਜਾ ਸਾਹਿਬ ਵਿਖੇ ਬਹੁਤ ਹੀ ਵਧੀਆ ਇੰਤਜਾਮ ਸੀ। ਗੁਰਦੁਆਰਾ ਸ੍ਰੀ ਪੰਜਾ ਸਾਹਿਬ ਜੀ ਦੀ ਇਮਾਰਤ ਦੀ ਸੇਵਾ ਸਿੱਖ ਜਰਨੈਲ ਸ੍ਰ: ਹਰੀ ਸਿੰਘ ਨਲੂਆ ਵਲੋਂ ਅਤੇ ਪੰਜੇ ਵਾਲੀ ਥਾਂ 'ਤੇ ਚਸ਼ਮੇ ਦੇ ਪਵਿੱਤਰ ਜਲ ਲਈ ਸਰੋਵਰ ਦੀ ਸੇਵਾ ਮਹਾਰਾਜਾ ਪਟਿਆਲਾ ਵਲੋਂ 14 ਅਕਤੂਬਰ, 1932 ਵਿਚ ਕਰਵਾਈ ਗਈ। ਇੱਥੇ ਇਕ ਮੁੱਖ ਲੰਗਰ ਹਸਨ ਅਬਦਾਲ ਦੀ ਸੰਗਤ ਵਲੋਂ ਦੂਜਾ ਪਿਸ਼ਾਵਰ ਦੀ ਸੰਗਤ ਵਲੋਂ ਲਗਾਇਆ ਗਿਆ ਸੀ। ਹਸਨ ਅਬਦਾਲ ਵਿਚ ਇਸ ਸਮੇਂ 250 ਤੋਂ 300 ਦੇ ਲੱਗਭੱਗ ਸਿੱਖ ਪਰਿਵਾਰ ਰਹਿ ਰਹੇ ਹਨ ਜੋ ਪਸ਼ਤੋ ਅਤੇ ਪੰਜਾਬੀ ਬੋਲਦੇ ਹਨ। ਇਨ੍ਹਾਂ ਸਿੱਖਾਂ ਦਾ ਆਪਣਾ ਸਟੇਸ਼ਨਰੀ, ਕਪੜਾ ਆਦਿ ਦਾ ਵਪਾਰ ਹੈ। ਪੇਸ਼ਾਵਰ ਵਿਚ ਹੁਣ 150 ਦੇ ਕਰੀਬ ਸਿੱਖਾਂ ਦੇ ਪਰਿਵਾਰ ਰਹਿ ਗਏ ਹਨ ਜੋ ਬੜੀ ਸ਼ਰਧਾ ਨਾਲ ਸ੍ਰੀ ਪੰਜਾ ਸਾਹਿਬ ਵਿਖੇ ਗੁਰਪੁਰਬ ਮੌਕੇ ਲੰਗਰ ਚਲਾਉਂਦੇ ਹਨ। ਸੁਰੱਖਿਆ ਕਾਰਨਾਂ ਕਰਕੇ ਸਿੱਖ ਜਥੇ ਨੂੰ ਗੁਰਦੁਆਰਾ ਪੰਜਾ ਸਾਹਿਬ ਤੋਂ ਬਾਹਰ ਜਾਣ ਦੀ ਇਜਾਜਤ ਨਹੀਂ ਸੀ ਅਤੇ ਨਾ ਹੀ ਕੋਈ ਲੋਕਲ ਗੈਰ ਸਿੱਖ ਗੁਰਦੁਆਰਾ ਸਾਹਿਬ ਆ ਸਕਦਾ ਸੀ।ਦੂਜੇ ਦਿਨ ਸੰਗਤ ਸੁਰੱਖਿਆ ਪਹਿਰੇ ਵਿਚ ਹੀ ਪਹਾੜੀ ਉੱਤੇ ਵਲੀ ਕੰਧਾਰੀ ਦੇ ਅਸਥਾਨ ਦੇ ਦਰਸ਼ਨ ਲਈ ਵੀ ਗਈ ਜਿਸ ਦੀ ਚੜ੍ਹਾਈ ਕਾਫੀ ਔਖੀ ਹੈ। ਗੁਰਦੁਆਰਾ ਸਾਹਿਬ ਦੇ ਆਲੇ ਦੁਆਲੇ ਅਤੇ ਸਰਾਂ ਦੀ ਛੱਤ ਉੱਤੇ ਵੀ ਆਟੋਮੈਟਿਕ ਹਥਿਆਰਾਂ ਨਾਲ ਲੈਸ ਕਮਾਂਡੋ ਪਹਿਰੇ ਉੱਤੇ ਤਾਇਨਾਤ ਸਨ।

ਜਦੋਂ ਅਗਲੇ ਦਿਨ ਸਾਡਾ ਜਥਾ ਸ੍ਰੀ ਨਨਕਾਣਾ ਸਾਹਿਬ ਲਈ ਰਵਾਨਾ ਹੋਇਆ ਤਾਂ ਉਸ ਸਮੇਂ ਉੱਥੇ ਜਿੱਥੇ ਵੀ ਕਾਫਲਾ ਲੰਘਣਾ ਸੀ ਸਾਰੇ ਗਲੀਆਂ ਅਤੇ ਰਸਤੇ ਕੰਡੇਦਾਰ ਤਾਰਾਂ ਅਤੇ ਕਨਾਤਾਂ ਲਗਾ ਕੇ ਸੁਰੱਖਿਆ ਵਜੋਂ ਬੰਦ ਕੀਤੇ ਹੋਏ ਸਨ ਅਤੇ ਹਥਿਆਰਬੰਦ ਸੁਰੱਖਿਆ ਮੁਲਾਜਮ ਆਪਣੀ ਡਿਊਟੀ ਪੂਰੀ ਮੁਸਤੈਦੀ ਨਾਲ ਕਰ ਰਹੇ ਸਨ। ਇੱਥੋਂ ਤੱਕ ਕਿ ਬਜ਼ਾਰ ਵੀ ਬਾ-ਹੁਕਮ ਬੰਦ ਕਰਵਾਏ ਗਏ ਸਨ।ਕੁਝ ਘਰਾਂ ਵਿਚੋਂ ਔਰਤਾਂ ਅਤੇ ਬੱਚੇ ਕਾਫਲੇ ਦੀਆਂ ਬੱਸਾਂ ਨੂੰ ਉਤਸੁਕਤਾ ਨਾਲ ਦੇਖ ਰਹੇ ਸੀ ਅਤੇ ਹੱਥ ਹਿਲਾ ਕੇ ਆਪਣੀ ਭਾਵਨਾਵਾਂ ਵੀ ਜ਼ਾਹਿਰ ਕਰ ਰਹੇ ਸਨ ਨਾਲ ਨਾਲ ਆਪੋ ਆਪਣੇ ਮੋਬਾਈਲਾਂ ਰਾਹੀਂ ਕਾਫਲੇ ਦੀਆਂ ਫੋਟੋਆਂ ਵੀ ਖਿੱਚ ਰਹੇ ਸਨ। ਹਸਨ ਅਬਦਾਲ ਤੋਂ ਬੱਸਾਂ ਦਾ ਕਾਫ਼ਲਾ ਤੁਰਨ ਸਮੇਂ ਉੱਥੇ 5.7 ਦੀ ਤੀਬਰਤਾ ਦੇ ਭੂਚਾਲ ਦਾ ਕਾਫ਼ੀ ਤੇਜ ਝਟਕਾ ਵੀ ਆਇਆ ਜਿਸ ਨੂੰ ਸਾਰਿਆਂ ਨੇ ਮਹਿਸੂਸ ਕੀਤਾ।

❊ ❊ ❊ ❊ ❊

ਪੰਜਤਨ ਪਾਕ ਦੀ ਖੁਸ਼ਬੂ ਆਵੇ ਨਾਨਕ ਵੇੜ੍ਹੇ ਵਿੱਚੋਂ
ਕਿਵੇਂ ਦੁਨੀਆ ਫੈਜ਼ ਨਾ ਪਾਵੇ ਨਾਨਕ ਵੇੜ੍ਹੇ ਵਿੱਚੋਂ।
ਇੱਕ ਇੱਕ ਬਾਣੀ ਵਿੱਚ ਸਾਨੂੰ ਫੁੱਲ ਅਮਨ ਦੇ ਲੱਭਣ
ਰੱਬ ਦਾ ਕੋਈ ਪੈਗਾਮ ਸੁਣਾਵੇ ਨਾਨਕ ਵੇੜ੍ਹੇ ਵਿੱਚੋਂ। ਬਾਬਾ ਨਜ਼ਮੀ



## ਮੰਜ਼ਿਲ

ਹਰਭਜਨ ਕੌਰ
ਦਿੱਲੀ

ਅੱਜ ਆਦਮੀ, ਆਦਮੀ ਤੋਂ ਓਹਲਾ ਪਾ ਰਿਹਾ,
ਵਧ ਰਹੇ ਵਿਤਕਰੇ ਦਿਲਾਂ 'ਚੋਂ ਪਿਆਰ ਘਟਦਾ ਜਾ ਰਿਹਾ।

ਨ੍ਹੇਰੇ ਤੋਂ ਬਾਅਦ ਹੀ ਰੌਸ਼ਨੀ ਨਜ਼ਰੀਂ ਪੈਂਦੀ ਹੈ,
ਫਿਰ ਵੀ ਆਦਮੀ ਨੇਰ੍ਹੇ 'ਚ ਨਿਘਰਦਾ ਜਾ ਰਿਹਾ।

ਵਿਗੜ ਰਹੇ ਹਾਲਾਤ ਅੱਜ,
ਭੜਕ ਰਹੇ ਜਜ਼ਬਾਤ ਅੱਜ।

ਜੇ ਸਾਰਿਆਂ ਨੂੰ ਬਣਾਉਣ ਵਾਲਾ ਇੱਕ ਹੈ,
ਤਾਂ ਫਿਰ ਸਾਰਿਆਂ ਦੇ ਜਜ਼ਬਾਤ ਇੱਕ ਕਿਉਂ ਨਹੀਂ?

ਕਸ਼ਮਕਸ਼ ਵਿੱਚ ਹੈ ਆਦਮੀ,
ਤਲਖ਼ੀਆਂ ਨਾਲ ਭਰੀ ਜ਼ਿੰਦਗੀ।

ਆਦਮੀ ਨੂੰ ਮਾਰਦਾ ਹੈ ਆਦਮੀ,
ਫਿਰ ਹਮਦਰਦ ਵੀ ਬਣਦਾ ਹੈ ਆਦਮੀ।

ਆਦਮੀ ਹਾਲਾਤਾਂ 'ਚ ਗੁੰਮ ਹੋਈ ਜਾ ਰਿਹਾ,
ਆਦਮੀਅਤ ਨਹੀਂ ਲੱਭਦੀ ਕਿੱਧਰੇ ਲੱਭਿਆਂ ਵੀ।



## ਗਜ਼ਲ

ਬਲਬੀਰ ਸਿੰਘ ਸੈਣੀ, ਨੰਗਲ

ਦਿਲ ਦੇ ਜਾਨੀ, ਮੀਤ ਪਿਆਰੇ, ਇਕ ਇਕ ਕਰ ਕੇ।
ਵਿੱਛੜ ਗਏ ਸਾਰੇ ਦੇ ਸਾਰੇ, ਇਕ ਇਕ ਕਰ ਕੇ।

ਆਉਂਦਾ ਜਾਂਦਾ ਮਿਲ ਜਾਂਦਾ ਜੇ ਕਦੇ-ਕਦਾਈਂ,
ਲੰਘ ਜਾਂਦੇ ਦਿਨ ਔਖੇ-ਭਾਰੇ, ਇਕ ਇਕ ਕਰ ਕੇ।

ਮੋਢੇ ਲਗ ਲਗ ਰੋਣਾ, ਰੁੱਸਣਾ ਤੇ ਮੰਨ ਜਾਣਾ,
ਯਾਦ ਆਵਣ ਉਹ ਲਮਹੇ ਸਾਰੇ, ਇਕ ਇਕ ਕਰ ਕੇ।

ਯਾਦਾਂ ਹੀ ਬਸ ਸਾਥ ਨਿਭਾਇਆ ਹੈ ਧੁਰ ਤੀਕਰ,
ਛੱਡ ਗਏ ਬਾਕੀ ਹੋਰ ਸਹਾਰੇ, ਇਕ ਇਕ ਕਰ ਕੇ।

ਉਸ ਦੀਆਂ ਜ਼ੁਲਫਾਂ ਵਿਚ ਗੁੰਦਾਂ ਮੈਂ ਕਲੀਆਂ ਵਾਂਗੂੰ,
ਅੰਬਰ ਉੱਤੋਂ ਤੋੜ ਕੇ ਤਾਰੇ, ਇਕ ਇਕ ਕਰ ਕੇ।

ਦਿਲ ਦੇ ਚਾਅ ਅਵੱਲੇ, ਰੀਝਾਂ ਤੇ ਸੱਧਰਾਂ ਸਭ,
ਐ 'ਸੈਣੀ' ਤੇਰੇ ਤੋਂ ਵਾਰੇ, ਇਕ ਇਕ ਕਰ ਕੇ।



## ਗ਼ਜ਼ਲ

ਗੁਰਦੀਪ ਸਿੰਘ ਸੈਣੀ,
ਬੰਗਾ

ਫੋਕੀ ਵਾਹ ਵਾਹ ਉੱਤੇ ਹੀ ਨਾ ਮਰਿਆ ਕਰ।
ਭੋਰਾ ਗੱਲ ਅਲੋਚਕ ਦੀ ਵੀ ਜਰਿਆ ਕਰ।

ਲੋੜ ਗਲ਼ੀ ਦੇ ਕੱਖਾਂ ਦੀ ਵੀ ਪੈ ਜਾਂਦੀ,
ਐਵੇਂ ਨਾ ਤੌਹੀਨ ਹਰਿਕ ਦੀ ਕਰਿਆ ਕਰ।

ਕਰ ਨਾ ਦੇਣ ਸਿਤਮ ਉਸ ਦੇ ਬਦਨਾਮ ਉਨ੍ਹੂੰ,
ਜਦ ਮੈਂ ਰੋਵਾਂ ਬੱਦਲਾ! ਓਦੋਂ ਵਰ੍ਹਿਆ ਕਰ।

ਹੋਰ ਵੀ ਤੇਰੇ ਖੈਰ-ਖਵਾਹ ਨੇ ਦੁਨੀਆਂ 'ਤੇ,
ਸਾਡੀ ਹੀ ਨਾ ਧੌਣ 'ਤੇ ਗੋਡਾ ਧਰਿਆ ਕਰ।

ਰੱਬ ਦੇ ਘਰ ਤੂੰ ਡਾਂਗਾਂ ਚੁੱਕੀ ਫਿਰਦਾ ਏਂ,
ਰੱਬ ਦੀ ਲਾਠੀ ਤੋਂ ਵੀ ਭੋਰਾ ਡਰਿਆ ਕਰ।

ਜੇ ਕੀਤਾ ਹੈ ਪਿਆਰ ਸਿਤਮਗਰ ਨਾਲ ਦਿਲਾ,
ਹਸਤੀ ਆਪਣੀ ਨੂੰ ਵੀ ਫਿਰ ਤੂੰ ਦਰਿਆ ਕਰ।

ਜਾਨ ਗ਼ਜ਼ਲ ਵਿੱਚ ਪਾਉਂਦੇ 'ਕੱਲੇ ਦਰਦ ਨਹੀਂ,
ਖ਼ੂਨ ਕਲੇਜੇ ਦਾ ਵੀ ਇਸ ਵਿੱਚ ਭਰਿਆ ਕਰ

## ਕੌਣ ਹਾਂ ਮੈਂ ?

ਭਾਵੇਂ ਦੁਨੀਆਂ ਬੰਦ ਹੈ ਅੱਜ ਕੱਲ੍ਹ,
ਹਰ ਬੰਦੇ ਦੀ ਮੁੱਠੀ ਵਿੱਚ।
ਸੱਚ ਤਾਂ ਇਹ ਹੈ,
ਬੰਦਾ ਖੁਦ ਤੋਂ ਲੱਖਾਂ ਕੋਹਾਂ ਦੂਰ ਦਿਸੇ।
ਦੁਨੀਆਂ ਘੁੱਗ ਵਸਦੀ ਹੈ। ਅੰਤਾਂ ਦੀ ਭੀੜ ਹੈ। ਪਰ ਮਨੁੱਖ ਇਕੱਲਾ ਹੈ ...ਗੁੰਮ ਸੁੰਮ...ਡੌਰ ਭੌਰ। ਉਸ ਦੇ ਆਲੇ ਦੁਆਲੇ ਬਿਜਲੀਆਂ ਲਿਸ਼ਲਦੀਆਂ ਹਨ। ਫਿਰ ਅਚਾਨਕ ਘੁੱਪ ਹਨ੍ਹੇਰਾ ਛਾ ਜਾਂਦਾ ਹੈ। ਉਹ ਭੈਅਭੀਤ ਹੋ ਉੱਠਦਾ ਹੈ। ਅੰਬਰੋਂ ਟੁੱਟਦਾ ਤਾਰਾ ਉਸ ਨੂੰ ਆਪਣਾ ਹੀ ਵਜੂਦ ਭਾਸਦਾ ਹੈ। ਸ਼ੀਸ਼ੇ ਸਾਹਮਣੇ ਖਲੋਅ ਟਿਕਟਿਕੀ ਬੰਨ੍ਹ ਆਪਣਾ ਚਿਹਰਾ ਦੇਖਦੈ, ਖੁਦ ਦੀ ਪਛਾਣ ਨਹੀਂ ਹੁੰਦੀ। ਰੂਹ ਅੰਦਰਲੇ ਅਸਤਿਤਵ ਦੀ ਸ਼ਨਾਖਤ ਨਹੀਂ ਕਰ ਪਾਉਂਦਾ। ਸੋਚਾਂ ਵਿੱਚ ਖੁੱਭ ਜਾਂਦੈ..... "ਕੌਣ ਹਾਂ ਮੈਂ"
ਗੁਰਬਾਣੀ ਦਾ ਫੁਰਮਾਨ ਹੈ –

ਮਨ ਤੂੰ ਜੋਤਿ ਸਰੂਪ ਹੈ
ਆਪਣਾ ਮੂਲ ਪਛਾਣੁ॥

ਨਰੋਈ ਜੀਵਨ ਜਾਚ

ਸੰਜੀਵ ਕੁਮਾਰ ਸ਼ਰਮਾ

# ...ਨਾਨਕ ਕਿਛੁ ਸੁਣੀਐ ਕਿਛੁ ਕਹੀਐ

ਕੋਈ ਵੀ ਸਮਾਜ ਉਦੋਂ ਹੀ ਸਿਹਤਮੰਦ ਅਤੇ ਮਜ਼ਬੂਤ ਹੋ ਸਕਦਾ ਹੈ ਜਦੋਂ ਉਸ ਅੰਦਰ ਵਸਦੇ ਲੋਕ ਇੱਕ-ਦੂਜੇ ਦੀਆਂ ਭਾਵਨਾਵਾਂ ਦਾ ਧਿਆਨ ਰਖਦਿਆਂ ਨਿਰਭੇ ਹੋ ਕੇ ਆਪਣੇ ਵਿਚਾਰਾਂ ਦਾ ਆਦਾਨ ਪ੍ਰਦਾਨ ਕਰ ਸਕਣ, ਆਪਣੇ ਹੰਕਾਰ ਨੂੰ ਪਰ੍ਹੇ ਰੱਖ ਕੇ ਇੱਕ-ਦੂਜੇ ਦੀ ਗੱਲ ਸੁਣਨ ਅਤੇ ਆਪਣੀ ਆਲੋਚਨਾ ਸਹਿਣ ਦੀ ਤਾਕਤ ਰਖਦੇ ਹੋਣ; ਭਾਵ ਸੰਵਾਦ ਕਰ ਸਕਦੇ ਹੋਣ। ਸੰਵਾਦ ਇੱਕ ਬਿਹਤਰੀਨ ਅਤੇ ਉੱਨਤ ਸਮਾਜ ਦੀ ਸਿਰਜਣਾ ਕਰ ਕੇ ਲੋਕਾਂ ਲਈ ਉੱਜਲ ਭਵਿੱਖ ਦੀ ਸਥਾਪਨਾ ਵੀ ਕਰਦੀ ਹੈ।

ਸਮੱਸਿਆਵਾਂ ਉਦੋਂ ਸ਼ੁਰੂ ਹੁੰਦੀਆਂ ਹਨ ਜਦੋਂ ਅਸੀਂ ਸੰਵਾਦ ਦੀ ਥਾਂ ਵਿਵਾਦ ਦਾ ਰਾਹ ਚੁਣਦੇ ਹਾਂ, ਜਦੋਂ ਅਸੀਂ ਸਿਰਫ਼ ਆਪਣੀ ਗੱਲ ਕਹਿਣ ਵਿੱਚ ਹੀ ਯਕੀਨ ਰੱਖਦੇ ਹਾਂ ਅਤੇ ਦੂਜੇ ਦੀ ਗੱਲ ਨੂੰ ਤਵੱਜੋ ਨਾ ਦੇ ਕੇ ਅਣਗੌਲਿਆਂ ਕਰਦੇ ਹਾਂ। ਗੁਰਬਾਣੀ ਦੀ ਤੁਕ-

' ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ'

ਰਾਹੀਂ ਗੁਰੂ ਨਾਨਕ ਦੇਵ ਜੀ ਸੰਵਾਦ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਫ਼ਰਮਾਉਂਦੇ ਹਨ ਕਿ ਜਦ ਤੱਕ ਅਸੀਂ ਇਸ ਸੰਸਾਰ ਵਿੱਚ ਰਹਿੰਦੇ ਹਾਂ, ਸਾਨੂੰ ਨਾ ਸਿਰਫ਼ ਆਪਣੀ ਗੱਲ ਸੰਜਮ ਨਾਲ ਕਹਿਣੀ ਚਾਹੀਦੀ ਹੈ, ਬਲਕਿ ਦੂਜੇ ਦੀ ਗੱਲ ਵੀ ਧੀਰਜ ਨਾਲ ਸੁਣਨੀ ਚਾਹੀਦੀ ਹੈ। ਗੁਰੂ ਨਾਨਕ ਦੇਵ ਜੀ ਦੀ ਇਹ ਸਿੱਖਿਆ ਸੁਣਨ ਨੂੰ ਵਧੇਰੇ ਮਹੱਤਵ ਦਿੰਦੀ ਹੈ ਕਿਉਂਕਿ ਸੁਣਨਾ ਹੀ ਕਿਸੇ ਸੰਵਾਦ ਦੀ ਮੁਢਲੀ ਨੀਂਹ ਹੈ। ਜਦੋਂ ਅਸੀਂ ਧਿਆਨ ਨਾਲ ਸੁਣਦੇ ਹਾਂ ਤਾਂ ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝ ਅਤੇ ਆਪਣੀ ਗੱਲ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰ ਸਕਦੇ ਹਾਂ।

ਜਿਸ ਤਰ੍ਹਾਂ ਧੀਰਜ ਨਾਲ ਸੁਣਨਾ ਅਤੇ ਸੰਜਮ ਨਾਲ ਬੋਲਣਾ ਇੱਕ ਸੰਗਠਿਤ ਸਮਾਜ ਦੀ ਨੀਂਹ ਬਣਦੇ ਹਨ, ਉਸੇ ਤਰ੍ਹਾਂ ਇਹ ਗੁਣ ਸਰੀਰਕ ਤੰਦਰੁਸਤੀ ਦਾ ਵੀ ਆਧਾਰ ਬਣਦੇ ਹਨ। ਅੱਜ ਦੀ ਤੇਜ਼ ਰਫ਼ਤਾਰ, ਦੌੜ-ਭੱਜ, ਚਾਰੋਂ ਪਾਸਿਓਂ ਸ਼ੋਰ-ਸ਼ਰਾਬੇ, ਉਲਝਣਾ, ਮਾਨਸਿਕ ਤਣਾਓ ਅਤੇ ਰਿਸ਼ਤਿਆਂ ਦੀਆਂ ਗੁੰਝਲਾਂ ਨਾਲ ਘਿਰੀ ਹੋਈ ਜ਼ਿੰਦਗੀ ਵਿੱਚ ਅਸੀਂ ਸਭ ਤੋਂ ਮਹੱਤਵਪੂਰਨ ਸੰਚਾਰਕ, ਆਪਣੇ ਸਰੀਰ ਨਾਲ ਸੰਵਾਦ ਕਰਨਾ ਹੀ ਭੁੱਲ ਜਾਂਦੇ ਹਾਂ। ਸਾਡਾ ਸਰੀਰ ਚੁੱਪ ਰਹਿ ਕੇ ਬੋਲਣ ਵਾਲਾ, ਇੱਕ ਸੰਚਾਰਕ ਹੈ। ਇਹ ਸ਼ਬਦਾਂ ਦੀ ਥਾਂ ਸੰਕੇਤਾਂ, ਸੰਵੇਦਨਾਵਾਂ ਅਤੇ ਭਾਵਨਾਵਾਂ ਜ਼ਰੀਏ ਸਾਨੂੰ ਦੱਸਦਾ ਹੈ ਕਿ ਉਸ ਨੂੰ ਸਾਡੀ ਲੋੜ ਹੈ। ਦਿਲ ਦੇ ਮਾਹਿਰ ਡਾਕਟਰ ਅਤੇ ਪਦਮ ਭੂਸ਼ਣ ਪੁਰਸਕਾਰ ਜੇਤੂ ਡਾਕਟਰ ਬੀ.ਐਮ.ਹੈਗੜੇ ਅਨੁਸਾਰ,- " ਸਾਡੇ ਸਰੀਰ ਕੋਲ ਆਪਣੇ ਆਪ ਤੰਦਰੁਸਤ ਹੋਣ ਦੀ ਅਪਾਰ ਸ਼ਕਤੀ ਹੈ, ਇਸ ਨੂੰ ਸਿਰਫ਼ ਸਾਡੇ ਸਹਿਯੋਗ ਦੀ ਲੋੜ ਹੈ"। ਅਮਰੀਕੀ ਯੋਗ ਅਧਿਆਪਕ ਅਤੇ ਲੇਖਕਾ ਡੇਬੋਰਾ ਅਡੇਲ ਅਨੁਸਾਰ,-" ਸਾਡਾ ਸਰੀਰ ਗਿਆਨ ਦਾ ਭੰਡਾਰ ਹੈ। ਲੋੜ ਇਸ ਦੇ ਸੰਕੇਤਾਂ ਨੂੰ ਧਿਆਨ ਨਾਲ ਸੁਣਨ, ਇਸ ਦਾ ਸਤਿਕਾਰ ਕਰਨ ਅਤੇ ਸੰਕੇਤਾਂ ਅਨੁਸਾਰ ਕਦਮ ਚੁੱਕਣ ਦੀ ਹੈ"।

ਸਰੀਰ ਨੂੰ ਸੁਣਨ ਤੋਂ ਭਾਵ ਇਸ ਵਲੋਂ ਮਿਲ ਰਹੇ ਅੰਦਰੂਨੀ ਸੰਕੇਤਾਂ ਵੱਲ ਧਿਆਨ ਦੇਣਾ ਅਤੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਣਾ ਹੈ। ਅਫ਼ਸੋਸ, ਅਸੀਂ ਇਸ ਨੂੰ ਸਿਰਫ਼ ਇੱਕ ਮਸ਼ੀਨ ਹੀ ਸਮਝਿਆ ਹੋਇਆ ਹੈ ਜਿਹੜੀ ਲਗਾਤਾਰ ਕੰਮ ਕਰੇ, ਨਵਜੀਵਨ ਦੀ ਸਿਰਜਣਾ ਕਰੇ ਅਤੇ ਬਿਨਾਂ ਥੱਕੇ ਚੱਲਦੀ ਰਹੇ: ਜਦੋਂ ਤੱਕ ਇਹ ਥੱਕ ਕੇ ਸਦਾ ਲਈ ਸ਼ਾਂਤ ਨਾ ਹੋ ਜਾਵੇ। ਕਿੰਨਾ ਚੰਗਾ ਹੋਵੇ, ਜੇਕਰ ਅਸੀਂ ਰੁਕੀਏ, ਸੁਣੀਏਂ ਅਤੇ ਸਰੀਰ ਨੂੰ ਇੱਕ ਸਮਝਦਾਰ ਸਾਥੀ ਦੀ ਤਰ੍ਹਾਂ ਦੇਖਣਾ ਸ਼ੁਰੂ ਕਰੀਏ, ਜਿਹੜਾ ਲਗਾਤਾਰ ਸਾਡੇ ਨਾਲ ਸੰਵਾਦ ਕਰਦਾ ਹੈ, ਨਾ ਕਿ ਇੱਕ ਗੁੰਗੇ, ਗੁਲਾਮ ਵਾਂਗੂੰ। ਥੱਕੀਆਂ ਅੱਖਾਂ, ਭੁੱਖੇ ਢਿੱਡ, ਬਦਲੇ ਮੂਡ, ਜਕੜੇ ਮੋਢੇ, ਆਕੜੀ ਪਿੱਠ ਆਦਿ ਦੇ ਜ਼ਰੀਏ ਸਰੀਰ ਹੌਲੀ ਹੌਲੀ ਘੁਸਰ-ਮੁਸਰ ਕਰਦਾ ਹੈ। ਇਹ ਆਪ ਹੀ ਦੱਸਦਾ ਹੈ, ਕਦੋਂ ਅਤਿ ਹੋ ਗਈ ਹੈ ਅਤੇ ਕਦੋਂ ਕੋਈ ਕਮੀ ਰਹਿ ਗਈ ਹੈ ਅਤੇ ਕਦੋਂ ਸਭ ਕੁੱਝ ਠੀਕ-ਠਾਕ ਹੈ। ਪਰ ਅਸੀਂ ਇਸ ਨੂੰ ਅਣਡਿੱਠ ਕਰਨਾ ਹੀ ਸਿੱਖਿਆ ਹੈ ਤੇ ਇਸੇ ਲਈ ਆਰਾਮ ਕਰਨ ਦੀ ਥਾਂ ਚਾਹ-ਕੌਫ਼ੀ ਜਾਂ ਦਰਦ-ਨਿਵਾਰਕ ਦਵਾਈਆਂ ਲੈਣ ਲਗਦੇ ਹਾਂ, ਤਣਾਅ ਦੀ ਸਥਿਤੀ ਵਿੱਚ ਮਨ ਨੂੰ ਸ਼ਾਂਤ ਕਰਨ ਦੀ ਥਾਂ ਆਪਣਾ ਧਿਆਨ ਭਟਕਾਉਣ ਲਗਦੇ ਹਾਂ।

ਸਰੀਰ ਨੂੰ ਸੁਣਨ ਲਈ ਕਿਸੇ ਵੀ ਤਰ੍ਹਾਂ ਦੇ ਔਜ਼ਾਰਾਂ ਦੀ ਲੋੜ ਨਹੀਂ ਹੈ।ਲੋੜ ਸਿਰਫ਼ ਸ਼ਾਂਤੀ ਅਤੇ ਇਕਾਗਰਤਾ ਦੀ ਹੈ। ਜਦੋਂ ਅਸੀਂ ਸ਼ਾਂਤ ਮਨ ਨਾਲ ਮਹਿਸੂਸ ਕਰਦੇ ਹਾਂ, ਬਿਨਾਂ ਆਪਣੇ ਅੰਦਰਲੀ ਆਵਾਜ਼ ਨੂੰ ਦਬਾਇਆਂ, ਉਸ ਵੇਲੇ ਅਸੀਂ ਸੁਣਨਾ ਸ਼ੁਰੂ ਕਰ ਦਿੰਦੇ ਹਾਂ। ਸਿਰ ਦਰਦ, ਦਿਲ ਦੀ ਧੜਕਣ ਦਾ ਤੇਜ਼ ਹੋਣਾ, ਅਚਾਨਕ ਭੁੱਖ ਮਰ ਜਾਣਾ, ਆਦਿ ਸਭ ਸਰੀਰ ਦੀਆਂ ਆਵਾਜ਼ਾਂ ਹਨ। ਇਹ ਅਕਾਰਨ ਹੋਈਆਂ ਬੇਤਰਤੀਬੀਆਂ ਨਹੀਂ ਸਗੋਂ ਅਜਿਹੇ ਸੰਕੇਤ ਹਨ ਜਿਹੜੇ ਸਾਨੂੰ ਧਿਆਨ ਦੇਣ ਲਈ ਕਹਿ ਰਹੇ ਹਨ। ਜੇਕਰ ਅਸੀਂ ਇਨ੍ਹਾਂ ਨੂੰ ਦਬਾਉਣ ਦੀ ਥਾਂ ਸਨੇਹ ਅਤੇ ਉਤਸੁਕਤਾ ਨਾਲ ਸੁਣਦੇ ਹਾਂ ਤਾਂ ਸਰੀਰ ਬਹੁਤ ਸਮਝਦਾਰੀ ਨਾਲ ਜਵਾਬ ਦਿੰਦਾ ਹੈ।

ਅਸੀਂ ਅਕਸਰ ਹੀ ਲਾਲਸਾ ਜਾਂ ਇੱਛਾ ਨੂੰ ਸਰੀਰਕ ਭੁੱਖ ਸਮਝ ਲੈਂਦੇ ਹਾਂ ਅਤੇ ਉਸ ਨੂੰ ਪੂਰਾ ਕਰਨ ਲਈ ਕਿਸੇ ਵੀ ਤਰ੍ਹਾਂ ਦਾ ਤਲਿਆ-ਭੁੰਨਿਆਂ, ਬੇਕਾਰ(ਜੰਕ) ਭੋਜਨ ਕਰ ਲੈਂਦੇ ਹਾਂ। ਅਸਲ ਭੁੱਖ ਹਮੇਸ਼ਾਂ ਹੌਲੀ ਹੌਲੀ ਵਧਦੀ ਹੈ ਅਤੇ ਇਹ

ਪੌਸ਼ਟਿਕ ਆਹਾਰ ਵੀ ਸਵੀਕਾਰ ਕਰਦੀ ਹੈ ਜਦੋਂਕਿ ਲਾਲਸਾ ਵਿਸ਼ੇਸ਼ ਚੀਜ਼ ਦੀ ਤਾਂਘ ਹੁੰਦੀ ਹੈ ਜਿਹੜੀ ਤਣਾਅ, ਦੁੱਖ ਜਾਂ ਬੋਰੀਅਤ ਆਦਿ ਭਾਵਨਾ-ਆਧਾਰਤ ਹੁੰਦੀ ਹੈ। ਇਸ ਲਈ ਖਾਣ ਤੋਂ ਪਹਿਲਾਂ ਰੁਕ ਕੇ ਆਪਣੇ ਆਪ ਨੂੰ ਜ਼ਰੂਰ ਪੁੱਛੋ ਕਿ ਇਹ ਮੇਰੇ ਸਰੀਰ ਦੀ ਲੋੜ ਹੈ ਜਾਂ ਮਨ ਦੀ ਲਾਲਸਾ। ਇਸੇ ਤਰ੍ਹਾਂ ਜੇਕਰ ਕਮਜ਼ੋਰੀ ਮਹਿਸੂਸ ਹੋ ਰਹੀ ਹੋਵੇ ਤਾਂ ਇਹ ਸਮਝਣ ਦੀ ਲੋੜ ਹੈ ਕਿ ਇਸ ਦਾ ਕਾਰਨ ਨੀਂਦ ਦੀ ਕਮੀ ਹੈ, ਪੌਸ਼ਟਿਕ ਭੋਜਨ ਜਾਂ ਪਾਣੀ ਦੀ ਘਾਟ ਹੈ ਜਾਂ ਫਿਰ ਆਲਸ ਜਾਂ ਅਕ੍ਰਿਆਸ਼ੀਲਤਾ ਦਾ ਹੋਣਾ ਹੈ। ਫਿਰ ਇਸ ਦਾ ਹਲ ਕੱਢਿਆ ਜਾਵੇ।

ਜਿੰਨਾ ਮਹੱਤਵ ਸਰੀਰ ਦੀ ਆਵਾਜ਼ ਨੂੰ ਸੁਣਨ ਦਾ ਹੈ, ਓਨਾ ਹੀ ਮਹੱਤਵ ਸੂਝ-ਬੂਝ ਨਾਲ ਇਸ ਨੂੰ ਜਵਾਬ ਦੇਣ ਦਾ ਵੀ ਹੈ। ਭਾਵ, ਜਦੋਂ ਸਰੀਰ ਨੂੰ ਆਰਾਮ ਦੀ ਲੋੜ ਹੋਵੇ ਤਾਂ ਇਸ ਨੂੰ ਮੰਨ ਲੈਣਾ, ਭੁੱਖ ਲੱਗੀ ਹੋਵੇ ਤਾਂ ਪੌਸ਼ਟਿਕ ਆਹਾਰ ਗ੍ਰਹਿਣ ਕਰਨਾ, ਮਾਨਸਿਕ ਤਣਾਓ ਹੋਵੇ ਤਾਂ ਸ਼ਾਤੀ ਨਾਲ ਸਮੱਸਿਆ ਦਾ ਹਲ ਲੱਭਣਾ, ਆਲਸ ਆ ਰਹੀ ਹੋਵੇ ਤਾਂ ਲੋੜ ਅਨੁਸਾਰ ਸੈਰ, ਕਸਰਤ ਜਾਂ ਕੋਈ ਕਾਰਜ ਕਰਨਾ ਆਦਿ ਸਰੀਰ ਨੂੰ ਜਵਾਬ ਦੇਣਾ ਜਾਂ ਬੋਲਣਾ ਕਹਾਉਂਦੇ ਹਨ। ਸਰੀਰ ਨਾਲ ਗੱਲਾਂ ਕਰਨ ਲਈ ਸ਼ਬਦਾਂ ਦੀ ਥਾਂ ਇਰਾਦੇ ,ਧਿਆਨ ਅਤੇ ਸਨੇਹ ਦੀ ਲੋੜ ਹੁੰਦੀ ਹੈ।

ਇੱਥੇ ਇਹ ਗੱਲ ਬਹੁਤ ਧਿਆਨ ਦੇਣ ਯੋਗ ਹੈ ਕਿ ਸਰੀਰ ਦੇ ਕਹੇ ਅਨੁਸਾਰ ਚੱਲਣਾ ਜ਼ਰੂਰ ਹੈ ਪਰ ਉਸ ਨੂੰ ਯਾਤਨਾ ਨਹੀਂ ਦੇਣੀ, ਸੰਤੁਲਨ ਬਣਾ ਕੇ ਰੱਖਣਾ ਹੈ। ਜੇਕਰ ਕਸਰਤ ਕਰਨੀ ਹੈ ਤਾਂ ਆਪਣੀ ਸਮਰੱਥਾ ਅਨੁਸਾਰ ਕਰਨੀ ਹੈ, ਸਰੀਰ 'ਤੇ ਅੱਤਿਆਚਾਰ ਨਹੀਂ ਕਰਨਾ। ਇਸੇ ਤਰ੍ਹਾਂ ਜੇਕਰ ਸੈਰ ਕਰਨੀ ਹੈ ਤਾਂ ਓਨੀ ਕੁ ਹੀ ਤੇਜ਼ ਕਰਨੀ ਹੈ , ਜਿੰਨੀ ਕੁ ਤੇਜ਼ ਸਰੀਰ ਸਹਿ ਸਕਦਾ ਹੋਵੇ, ਸਕਾਰਾਤਮਕ ਊਰਜਾ ਪੈਦਾ ਹੋਵੇ, ਮਨ ਪ੍ਰਫੁਲਿੱਤ ਅਤੇ ਸਰੀਰ ਮੁੜ ਸੁਰਜੀਤ ਹੋ ਸਕੇ।

ਆਪਣੇ ਸਰੀਰ ਨਾਲ ਗੱਲਾਂ ਕਰਨ ਵਿੱਚ ਸਾਕਾਰਾਤਮਕ ਕਥਨ ਜਾਂ ਧਾਰਨਾਵਾਂ ਵੀ ਸ਼ਾਮਲ ਹਨ। ਇਨ੍ਹਾਂ ਧਾਰਨਾਵਾਂ ਦੇ ਉਚਾਰਨ ਰਾਹੀਂ ਅਸੀਂ ਆਪਣੀ ਅੰਦਰੂਨੀ ਦੁਨੀਆਂ ਨਾਲ ਗੱਲਾਂ ਕਰਦੇ ਹਾਂ ਅਤੇ ਆਪਣੀ ਜ਼ਿੰਦਗੀ ਵਿੱਚ ਅੰਦਰੂਨੀ ਸ਼ਾਂਤੀ ਅਤੇ ਸੰਤੁਲਨ ਲਿਆਉਂਦੇ ਹਾਂ। ਜਿਵੇਂ ਹਰ ਸਵੇਰੇ ਉੱਠਦਿਆਂ ਕਹਿਣਾ, "ਮੈਂ ਅੱਜ ਤਾਜ਼ਗੀ ਮਹਿਸੂਸ ਕਰ ਰਿਹਾ ਹਾਂ ਅਤੇ ਮੇਰਾ ਸਰੀਰ ਤੰਦਰੁਸਤ ਹੈ"। ਬਿਮਾਰੀ ਦੀ ਹਾਲਤ ਵਿੱਚ ਕਹਿਣਾ, "ਮੈਂ ਠੀਕ ਹੋ ਰਿਹਾ ਹਾਂ ਜਾਂ ਮੈਂ ਹੁਣ ਠੀਕ ਹੋ ਗਿਆ ਹਾਂ", ਕਿਸੇ ਮੁਸ਼ਕਲ ਘੜੀ ਵਿੱਚ ਆਤਮ-ਵਿਸ਼ਵਾਸ ਨਾਲ ਕਹਿਣਾ, "ਮੇਰੇ ਅੰਦਰ ਹਰ ਸਮੱਸਿਆ ਦਾ ਹਲ ਲੱਭਣ ਦੀ ਸਮਰਥਾ ਹੈ"। ਰਾਤ ਨੂੰ ਸੌਣ ਤੋਂ ਪਹਿਲਾਂ ਕਹਿਣਾ, "ਅੱਜ ਦਾ ਦਿਨ ਚੰਗਾ ਰਿਹਾ। ਨਵੀਂ ਸਵੇਰ ਦੀ ਉਮੀਦ ਵਿੱਚ ਮੇਰਾ ਮਨ ਅਤੇ ਸਰੀਰ ਆਰਾਮ ਲਈ ਤਿਆਰ ਹਨ"। ਇਸੇ ਤਰ੍ਹਾਂ ਆਪਣੇ ਅੰਦਰ ਵਾਸ ਕਰਦੀ ਉਸ ਪਰਮ-ਆਤਮਾ ਦਾ ਧੰਨਵਾਦ ਕਰਨਾ ਵੀ ਮਨ ਨੂੰ ਸਥਿਰ ਕਰਦਾ ਹੈ, ਦਿਲ ਵਿੱਚ ਖੁਸ਼ੀ ਜਗਾਉਂਦਾ ਹੈ ਅਤੇ ਸਰੀਰ ਨੂੰ ਸ਼ਾਤੀ ਦਿੰਦਾ ਹੈ। ਜਿਵੇਂ, "ਹੇ ਪ੍ਰਭੂ! ਮੈਨੂੰ ਨਵਾਂ ਦਿਨ ਅਤੇ ਨਵੀਂ ਉਮੀਦ ਦੇਣ ਲਈ ਆਪ ਜੀ ਦਾ ਕੋਟਿ ਕੋਟਿ ਧੰਨਵਾਦ" ਹੇ ਈਸ਼ਵਰ! ਤੁਸੀਂ ਮੇਰੇ ਨਾਲ ਹੋ, ਇਹੋ ਮੇਰੀ ਸਭ ਤੋਂ ਵੱਡੀ ਤਾਕਤ ਹੈ"।

ਅਮਰੀਕੀ ਕਵਿੱਤਰੀ ਨਜੀਰਾ ਵਹੀਦ ਨੇ ਕਵਿਤਾ ਰਾਹੀਂ ਆਪਣੇ ਸਰੀਰ ਨੂੰ ਹੌਲੀ ਜਿਹੇ ਕਿਹਾ, "ਮੈਂ ਤੇਰੀ ਦੋਸਤ ਬਣਨਾ ਚਾਹੁੰਦੀ ਹਾਂ"। ਸਰੀਰ ਨੇ ਇੱਕ ਲੰਬਾ ਸਾਹ ਲਿਆ ਅਤੇ ਜਵਾਬ ਦਿੱਤਾ, "ਮੈਂ ਪੂਰੀ ਜ਼ਿੰਦਗੀ ਇਸੇ ਦਾ ਇੰਤਜ਼ਾਰ ਕਰ ਰਿਹਾ ਸੀ"।

ਪੰਜਾਬੀ ਟ੍ਰਿਬਿਊਨ ਵਿੱਚੋਂ ਧੰਨਵਾਦ ਸਹਿਤ

❋ ❋ ❋ ❋ ❋

## ਸਮੇਂ ਦਾ ਜਲਵਾ

ਚਾਲੀ ਸਾਲ ਦੀ ਉਮਰ ਮਗਰੋਂ ਘੱਟ ਪੜ੍ਹੇ-ਲਿਖੇ ਅਤੇ ਵੱਧ ਪੜ੍ਹੇ ਦੇ ਕਮਾਉਣ ਵਿੱਚ ਕੋਈ ਖ਼ਾਸ ਅੰਤਰ ਨਹੀਂ ਰਹਿੰਦਾ। ਹੋ ਸਕਦਾ ਹੈ ਕਿ ਘੱਟ ਪੜ੍ਹਿਆ ਹਲਵਾਈ, ਵਪਾਰੀ, ਦੁਕਾਨਦਾਰ, ਵੱਧ ਪੜ੍ਹੇ ਲਿਖੇ ਅਫ਼ਸਰ ਨਾਲੋਂ ਵਧੇਰੇ ਕਮਾ ਰਿਹਾ ਹੋਵੇ। ਪੰਜਾਹ ਸਾਲ ਦੀ ਉਮਰ ਮਗਰੋਂ ਵੱਧ ਸੋਹਣੇ ਅਤੇ ਘੱਟ ਸੋਹਣੇ ਵਿੱਚ ਵੀ ਕੋਈ ਜ਼ਿਆਦਾ ਫ਼ਰਕ ਨਹੀਂ ਰਹਿੰਦਾ, ਕਿਉਂਕਿ ਸਮੇਂ ਨਾਲ ਝੁਰੜੀਆਂ ਰਾਹੀਂ ਵਧਦੀ ਉਮਰ ਦੇ ਪ੍ਰਭਾਵ ਚਿਹਰੇ 'ਤੇ ਦਿਸਣ ਲਗਦੇ ਹਨ। ਸੱਠ ਸਾਲ ਦੀ ਉਮਰ ਤੋਂ ਬਾਅਦ ਵੱਡੇ ਅਹੁਦੇ ਅਤੇ ਛੋਟੇ ਅਹੁਦੇ ਵਿੱਚ ਵੀ ਕੋਈ ਫ਼ਰਕ ਨਹੀਂ ਰਹਿੰਦਾ, ਕਿਉਂਕਿ ਸੇਵਾਮੁਕਤੀ ਮਗਰੋਂ ਹਰ ਕਿਸੇ ਦਾ ਮਹੀਨਾ ਇਕੱਤੀ ਦਿਨਾਂ ਵਾਲਾ ਹੋ ਜਾਂਦਾ ਹੈ। ਸੱਤਰ ਸਾਲ ਦੀ ਉਮਰ ਮਗਰੋਂ ਵੱਡੇ ਬੰਗਲੇ ਅਤੇ ਛੋਟੇ ਘਰ ਵਿੱਚਲਾ ਅੰਤਰ ਇਸ ਲਈ ਮੁੱਕ ਜਾਂਦਾ ਹੈ ਕਿਉਂਕਿ ਗੋਡੇ-ਮੋਢੇ ਇੱਕ ਕਮਰੇ ਤੋਂ ਦੂਜੇ ਕਮਰੇ ਵਿੱਚ ਜਾਣ ਤੋਂ ਇਨਕਾਰੀ ਹੋ ਜਾਂਦੇ ਹਨ। ਅੱਸੀ ਸਾਲ ਦੀ ਉਮਰ ਵਿੱਚ ਪੈਸਾ ਹੈ ਜਾਂ ਨਹੀਂ ਹੈ, ਕੋਈ ਅਰਥ ਨਹੀਂ ਰਖਦਾ ਕਿਉਂਕਿ ਸਮਝ ਹੀ ਨਹੀਂ ਆਉਂਦੀ ਕਿ ਖਰਚਣਾ ਕਿੱਥੇ ਹੈ, ਖਰੀਦਣਾ ਕੀ ਹੈ? ਨੱਬੇ ਸਾਲ ਦੀ ਉਮਰ ਵਿੱਚ ਸੌਣਾ ਅਤੇ ਜਾਗਣਾ ਇੱਕ ਹੋ ਜਾਂਦਾ ਹੈ ਕਿਉਂਕਿ ਸਾਨੂੰ ਜਾਗਦੇ ਵੀ ਪਤਾ ਨਹੀਂ ਲਗਦਾ ਕਿ ਕਰਨਾ ਕੀ ਹੈ? ਸੌ ਸਾਲ ਮਗਰੋਂ ਸਾਰੇ ਦੋਸਤ-ਯਾਰ ਤੇ ਰਿਸ਼ਤੇਦਾਰ ਸੰਸਾਰ ਤੋਂ ਜਾ ਚੁੱਕੇ ਹੁੰਦੇ ਹਨ, ਉਹ ਸਮਝਦੇ ਹੋਣਗੇ ਕਿ ਮੈਂ ਸਵਰਗ ਵਿੱਚ ਹੋਵਾਂਗਾ, ਜਦੋਂਕਿ ਮੈਂ ਤਾਂ ਆਪਣਾ ਬਸਤਾ ਲੈ ਕੇ ਸੰਸਾਰ ਤੋਂ ਰਵਾਨਾ ਹੋਣ ਵਾਲੀ ਗੱਡੀ ਦਾ ਇੰਤਜ਼ਾਰ ਕਰ ਰਿਹਾ ਹੁੰਦਾ ਹਾਂ। ਇਹੀ ਜ਼ਿੰਦਗੀ ਹੈ ਅਤੇ ਇਸ ਨੂੰ ਹੀ ਸਾਰਿਆਂ ਨੇ ਜਿਉਣਾ ਹੈ। ਇਸ ਪੜਾਅ 'ਤੇ ਸਾਡੇ ਕੋਲ ਅਤੀਤ ਦੇ ਵੇਰਵੇ ਹੀ ਹੁੰਦੇ ਹਨ, ਭਵਿੱਖ ਦੀ ਕੋਈ ਵਿਉਂਤ ਨਹੀਂ ਹੁੰਦੀ।



**ਅਪ੍ਰੈਲ-ਜੂਨ, 2025 ਦੌਰਾਨ ਸੈਣੀ ਭਵਨ ਨੂੰ ਦਾਨ ਦੇਣ ਵਾਲੇ ਸੱਜਣ** :

ਜਗਦੇਵ ਸਿੰਘ
ਸੈਣੀ ਭਵਨ ਰੂਪਨਗਰ

1. **ਇੰਜ. ਭਗਵਾਨ ਸਿੰਘ** ਰਿਟਾ. ਆਰ.ਈ.ਓ. # ਪੰਚਕੂਲਾ= 1,11000/
2. **ਸ਼੍ਰੀਮਤੀ ਹਰਮਿੰਦਰ ਕੌਰ** ਪਤਨੀ ਸਵ.ਅਮਰੀਕ ਸਿੰਘ, ਰਣਜੀਤ ਐਵੇਨਿਯੂ ਰੂਪਨਗਰ=100000/
3. **ਸ.ਗੁਰਿੰਦਰ ਸਿੰਘ,** ਮੋਹਾਲੀ= 37400/, ਸ਼੍ਰੇਣੀ ਕਮਰੇ ਵਿੱਚ ਏਸੀ ਲਗਵਾਉਣ ਲਈ।
4. **ਇੰਨਰਵੀਲ੍ਹ ਕਲੱਬ,** ਰੂਪਨਗਰ=25000/, ਪਖਾਨਿਆਂ ਦੇ ਨਵੀਨੀਕਰਨ ਲਈ।
5. **ਇੰਜ. ਰਾਜਵਿੰਦਰ ਸਿੰਘ** (ਯੂ.ਕੇ.) ਪੁੱਤਰ ਡਾ.ਅਜਮੇਰ ਸਿੰਘ, ਰੂਪਨਗਰ=24000/ ਲੰਗਰ ਲਈ
6. **ਸ. ਜਗਦੇਵ ਸਿੰਘ ਪੰਘਲੀਆ**,ਚੰਡੀਗੜ੍ਹ=5000/
7. **ਸ.ਸੁਰਿੰਦਰ ਸਿੰਘ,** ਗਊਸ਼ਾਲਾ ਰੋਡ, ਰੂਪਨਗਰ=2100 ਰੁਪਏ,
8. **ਸ਼੍ਰੀ ਰਾਮ ਸਰੂਪ** ਸੈਣੀ,#ਸੈਣੀ ਮਾਜਰਾ ਮੋਹਾਲੀ=2100/
9. **ਸ. ਕੁਲਦੀਪ ਸਿੰਘ ਪਟਵਾਰੀ**,ਰੂਪਨਗਰ=1100/
10. **ਸ਼੍ਰੀ ਜਗਤ ਰਾਮ** ਪਿੰਡ- ਦਭੋਟਾ =1100/
11. **ਸ. ਮਨਜੀਤ ਸਿੰਘ,**# ਰਣਜੀਤ ਐਵੇਨਿਯੂ ਰੂਪਨਗਰ=1100/
12. **ਸ਼੍ਰੀ ਸੱਤਪਾਲ ਸ਼ਰਮਾ** # ਰਿਟਾ.ਜੇ.ਈ. ਰੂਪਨਗਰ= 1100/
13. **ਸ. ਕੁਲਜੀਤ ਸਿੰਘ** ਪ੍ਰਾਪਰਟੀ ਡੀਲਰ ਰੂਪਨਗਰ=1100/
14. **ਸ. ਜਗਤਾਰ ਸਿੰਘ** ਪ੍ਰਾਪਰਟੀ ਡੀਲਰ, ਪਿੰਡ ਪੜੀ=1100/
15. **ਸ਼੍ਰੀ ਹਰੀਸ਼ ਸੈਣੀ,** ਜੁਝਾਰ ਸਿੰਘ ਨਗਰ ਰੂਪਨਗਰ=1100/
16. **ਸ. ਜਗਜੀਤ ਸਿੰਘ** ਦੇਸੂਮਾਜਰਾ ਜ਼ਿਲ੍ਹਾ-ਮੋਹਾਲੀ=1100/
17. **ਸਰਪੰਚ ਗੁਰਪ੍ਰੀਤ ਕੌਰ,** ਸ਼ੇਖੂਪੁਰ ਬਾਗ,ਜ਼ਿਲਾ-ਨਵਾਂਸ਼ਹਿਰ=1100/
18. **ਸ. ਸੰਤੋਖ ਸਿੰਘ** ਮਾਲਕ ਸ਼ਿਵਾਲਕ ਹੋਟਲ ਬਲਾਚੌਰ=1100/
19. **ਸ. ਗੁਰਨਾਮ ਸਿੰਘ** # ਗਿਲਕੋ ਵੈਲੀ ਰੂਪਨਗਰ=1100/
20. ਸਰਪੰਚ ਵਿਜਯ ਕੁਮਾਰ, ਸਰਥਲੀ ਜ਼ਿਲ੍ਹਾ-ਰੂਪਨਗਰ=1100/
21. **ਸਰਪੰਚ ਬਲਜੀਤ ਸਿੰਘ** ਪਿੰਡ ਇਬਰਾਹਮਪੁਰ ਜ਼ਿਲ੍ਹਾ-ਹੁਸ਼ਿਆਰਪੁਰ=1000/
22. **ਸ਼੍ਰੀ ਜੀ.ਐਸ.ਸੈਣੀ,** ਗਾਂਧੀ ਨਗਰ, ਰੂਪਨਗਰ = 1000/

**ਮੈਗਜ਼ੀਨ ਦੀ ਮੈਂਬਰਸ਼ਿਪ ਲਈ 500/ ਰੁਪਏ ਦੇਣ ਵਾਲੇ ਸੱਜਣ**

1. ਸ. ਸੁਰਿੰਦਰ ਸਿੰਘ ਗਿੱਲਕੋ ਵੈਲੀ, ਰੂਪਨਗਰ
2. ਸ. ਹਰਦੇਵ ਸਿੰਘ ਪੰਘਲੀਆ ਗਿੱਲਕੋ ਵੈਲੀ,ਰੂਪਨਗਰ
3. ਸ. ਨਿਰਮਲ ਸਿੰਘ ਪਿੰਡ ਬੇਲਾ ਜ਼ਿਲ੍ਹਾ-ਰੂਪਨਗਰ
4. ਸ਼੍ਰੀਮਤੀ ਵਿਜੈ ਲਕਸ਼ਮੀ, ਰੂਪਨਗਰ
5. ਸਾ.ਸਰਪੰਚ ਗੁਰਮੇਲ ਸਿੰਘ ਪਿੰਡ ਕੋਟਲਾ ਟੱਪਰੀਆਂ,ਰੂਪਨਗਰ
6. ਸ਼੍ਰੀਮਤੀ ਭਗਵੰਤ ਕੌਰ ਰਿਟਾ.ਲੈਕਚਰਾਰ, ਰੂਪਨਗਰ
7. ਸ.ਅਜੀਤ ਸਿੰਘ ਕਲਾਥ ਮਰਚੈਂਟ,ਰੂਪਨਗਰ
8. ਸ. ਦਵਿੰਦਰ ਸਿੰਘ, ਮਾਡਲ ਟਾਊਨ ਰੂਪਨਗਰ
9. ਸਰਪੰਚ ਬਲਬੀਰ ਸਿੰਘ ਪਿੰਡ ਕਮਾਲਪੁਰ
10. ਕੈਪਟਨ ਸਤਨਾਮ ਸਿੰਘ ਪਿੰਡ ਦੁਪਾਲਪੁਰ ਜ਼ਿਲ੍ਹਾ-ਨਵਾਂਸ਼ਹਿਰ
11. ਸ. ਤਾਰਾ ਸਿੰਘ, ਕੀਰਤੀ ਵਿਹਾਰ ਰੂਪਨਗਰ
12. ਸ.ਅਮਰੀਕ ਸਿੰਘ, ਗਿ.ਜ਼ੈ. ਸਿੰਘ ਨਗਰ ਰੂਪਨਗਰ
13. ਸ. ਨਰਿੰਦਰ ਸਿੰਘ,ਪਿੰਡ ਫੂਲਪੁਰ ਗਰੇਵਾਲ ਜ਼ਿਲ੍ਹਾ ਰੂਪਨਗਰ
14. ਸ.ਪੰਜਾਬ ਸਿੰਘ ਦਸਮੇਸ਼ ਕਾਲੋਨੀ ਰੂਪਨਗਰ
15. ਸ.ਦਲਜੀਤ ਸਿੰਘ,ਪਿੰਡ ਬਲਾਵਲਪੁਰ -ਰੂਪਨਗਰ
16. ਸ. ਤਰਲੋਚਨ ਸਿੰਘ, ਗਿੱਲਕੋ ਵੈਲੀ ਰੂਪਨਗਰ
17. ਸ.ਮਨਜੀਤ ਸਿੰਘ ਪਿੰਡ ਪੰਜੌੜ ਜ਼ਿਲ੍ਹਾ-ਹੁਸ਼ਿਆਰਪੁਰ
18. ਸਰਪੰਚ ਕੁਲਦੀਪ ਸਿੰਘ ਪਿੰਡ ਘਨੌਲੀ ਜ਼ਿਲ੍ਹਾ-ਰੂਪਨਗਰ
19. ਸਰਪੰਚ ਜਸਵਿੰਦਰ ਕੌਰ ਪਿੰਡ ਸਿੰਘਪੁਰਾ ਜ਼ਿਲ੍ਹਾ-ਰੂਪਨਗਰ
20. ਸ. ਸੁਰਜੀਤ ਸਿੰਘ ਲੌਂਗੀਆ ਗਿ.ਜ਼ੈ.ਸਿੰ.ਨਗਰ ਰੂਪਨਗਰ
21. ਸ. ਅਮਰੀਕ ਸਿੰਘ ਗੰਧੋਂ ਕਲਾਂ ਜ਼ਿਲ੍ਹਾ-ਰੂਪਨਗਰ
22. ਸਰਪੰਚ ਤੀਰਥ ਸਿੰਘ, ਪਿੰਡ ਬੈਰਮਪੁਰ ਜ਼ਿਲ੍ਹਾ-ਰੂਪਨਗਰ

**ਇਨ੍ਹਾਂ ਸਾਰੇ ਦਾਨੀਆਂ ਦਾ ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਬਹੁਤ ਬਹੁਤ ਧੰਨਵਾਦ**



# ਕਹਾਣੀ - ਸਪੁੱਤੀ

ਜਸਵੰਤ ਕੌਰ (ਡਾ.)
ਰੂਪਨਗਰ

ਬੋਬੋ ਹਰੋ ਆਪਣੀ ਕਹਾਣੀ ਸੁਣਾਉਂਦੀ ਤਾਂ ਸਾਨੂੰ ਯਕੀਨ ਨਾ ਆਉਂਦਾ। ਉਹਦੀਆਂ ਗੱਲਾਂ ਸਾਨੂੰ ਉਨ੍ਹਾਂ ਬਾਤਾਂ ਵਾਂਗੂੰ ਲਗਦੀਆਂ ਜਿਹੜੀਆ ਸਾਡੀ ਦਾਦੀ ਸਾਨੂੰ ਸੁਣਾਇਆ ਕਰਦੀ ਸੀ, ਜਿਨ੍ਹਾਂ ਵਿੱਚ ਸੱਚ ਥੋੜ੍ਹਾ ਤੇ ਗੱਪ ਬਹੁਤੀ ਹੁੰਦੀ ਸੀ। ਬੋਬੋ ਆਖਦੀ, "ਥੁਆਡੇ ਬਾਬੇ ਨੇ ਹਾਲੇ ਕਿਤੇ ਮਰਨਾ ਸੀ, ਬੇੜਾ ਬਹਿ ਜਾਏ ਔਤ ਜਾਣੇ ਸ਼ਰੀਕਾਂ ਦਾ। ਨਖਸਮੀਆਂ ਸਾਨੂੰ ਦੋਹਾਂ ਜੀਆਂ ਨੂੰ ਰੱਜਵੀਂ ਰੋਟੀ ਖਾਂਦੇ ਨਾ ਜਰ ਸਕੀਆਂ, ਆਪਣੇ ਖਸਮਾਂ ਕੋਲੋਂ ਐਸਾ ਟੂਣਾ ਕਰਾਇਆ ਕਿ ਜਿੰਨੀ ਦੇਰ ਥੁਆਡਾ ਬਾਬਾ ਜੀਂਦਾ ਰਿਹਾ ਸਾਡੇ ਵਿਹੜੇ ਰੌਣਕ ਨਾ ਖੇਲ੍ਹੀ। ਮੈਂ ਸਪੁੱਤੀ ਨਾ ਬਣੀ। ਐਨੇ ਨਾਲ ਹੀ ਬੱਸ ਕਰ ਦਿੰਦੀਆਂ ਨਪੁੱਤੀਆਂ ਤਾਂ ਵੀ ਮੈਂ ਸਬਰ ਕਰ ਲੈਂਦੀ, ਪਰ ਉਨ੍ਹਾਂ ਨੇ ਕਿਤੇ ਪਿੱਛਾ ਛੱਡਿਆ ਸਾਡਾ? ਇਕ ਦਿਨ ਥੁਆਡੇ ਬਾਬੇ ਦੇ ਐਸੀ ਮੁੱਠ ਮਾਰੀ ਕਿ ਪੌੜੀ ਚੜ੍ਹਦਾ ਹੀ ਢੇਰੀ ਹੋ ਗਿਆ"।

ਅਸੀਂ ਪੁੱਛਦੇ, "ਬੋਬੋ, ਮੁੱਠ ਕੀ ਹੁੰਦੀ ਆ?" ਬੋਬੋ ਜਵਾਬ ਦਿੰਦੀ, "ਟੂਣਾ ਹੁੰਦਾ, ਅੰਨ੍ਹਾ ਕਰ ਦਿੰਦਾ ਬੰਦੇ ਨੂੰ। ਅੱਖਾਂ ਮੋਹਰੇ ਚੱਕਰ ਔਣ ਲਗ ਜਾਂਦੇ ਆ। ਬੇਹੋਸ਼ ਹੋਇਆ ਬੰਦਾ ਮਰ ਖਪ ਕੇ ਹੀ ਜਾਂਦਾ"।

ਜ਼ਿੰਦਗੀ ਦਾ ਸੱਖਣਾਪਣ ਦੂਰ ਕਰਨ ਲਈ ਬੋਬੋ ਸਾਰੇ ਮੁਹੱਲੇ ਦੇ ਨਿਆਣਿਆਂ ਨੂੰ ਨਾਲ ਦੇ ਪਿੰਡ ਹੋਲੇ ਦੇ ਮੇਲੇ 'ਤੇ ਲੈ ਜਾਂਦੀ, ਕਦੀ ਪਿੰਡ ਦੇ ਕ੍ਰਿਸ਼ਨ ਲੀਲਾ ਦੇ ਮੇਲੇ 'ਤੇ। ਰਾਤ ਨੂੰ ਰਾਸ ਦੇਖਣ ਜਾਣ ਵਾਸਤੇ ਤਾਂ ਬੋਬੋ ਸਾਰੇ ਮੁਹੱਲੇ ਦੀਆਂ ਤੀਵੀਆਂ ਨੂੰ ਤਕਾਲਾਂ ਤੋਂ ਹੀ ਕਹਿਣਾ ਸ਼ੁਰੂ ਕਰ ਦਿੰਦੀ, "ਨੀ ਸਵਰਨੋ, ਨੀ ਪ੍ਰਕਾਸ਼ੋ, ਨੀ ਰੱਖੀਏ, ਧਾਰ ਡੋਕਾ, ਰੋਟੀ-ਟੁੱਕ ਸਾਜ਼ਰੇ ਮੁਕਾ ਲਿਓ, ਰਾਸ ਦੇਖਣ ਚੱਲਣੈ"। ਬੋਬੋ ਦੇ ਨਾਲ ਤੁਰਨ ਨਾਲ ਸਭ ਨੂੰ ਇੱਕ ਤਕੜੇ ਮਰਦ ਜਿੰਨਾਂ ਆਸਰਾ ਹੋ ਜਾਂਦਾ। ਕੀ ਮਜਾਲ ਕੋਈ ਉਸ ਕੋਲੋਂ ਖੰਘ ਕੇ ਲੰਘ ਜਾਵੇ।

ਦੂਰੋਂ ਪਾਰੋਂ ਰਿਸ਼ਤੇਦਾਰੀ ਵਿੱਚ ਬੋਬੋ ਦੀ ਭਾਣਜੀ ਲਗਦੀ ਇੱਕ ਜਨਾਨੀ ਦੀਆਂ ਪਹਿਲਾਂ ਉਸ ਨੇ ਚਾਰ ਧੀਆਂ ਪੜ੍ਹਾਈਆਂ, ਫਿਰ ਵਿਆਹੀਆਂ। ਉਹ ਇਸ ਭਾਣਜੀ ਦੇ ਤੁਰੀ ਹੀ ਰਹਿੰਦੀ ਸੀ, ਕਦੇ ਉਹਨੇ ਸਰ੍ਹੋਂ ਦਾ ਥੈਲਾ ਸਿਰ 'ਤੇ ਚੁੱਕਿਆ ਹੁੰਦਾ, ਕਦੀ ਧਨੀਏ ਦਾ ਝੋਲਾ, ਕਦੀ ਕੁੱਛ, ਕਦੀ ਕੁੱਛ। ਸਾਜ਼ਰੇ ਹੀ ਸਰ੍ਹੋਂ ਦੇ ਬਾਲਣ ਦਾ ਰੁੱਗ ਚੁਲ੍ਹੇ 'ਚ ਲਾਉਂਦੀ। ਮੋਟੀਆਂ ਮੋਟੀਆਂ ਦੋ ਮਿੱਸੀਆਂ ਰੋਟੀਆਂ ਪਕਾ ਲੈਂਦੀ। ਮੈਂ ਜਦੋਂ ਬੋਬੋ ਨੂੰ ਲੱਸੀ ਦੇਣ ਜਾਂਦੀ ਤਾਂ ਉਹ ਆਖਦੀ, "ਧੀਏ, ਤੂੰ ਵੀ ਖਾ ਲੈ ਟੁੱਕ"।

ਜਦੋਂ ਮੈਂ ਐਨੀਆਂ ਮੋਟੀਆਂ ਰੋਟੀਆਂ ਦੇ ਖਾਣ ਨਾਲ ਢਿੱਡ ਦੁਖਣ ਦੇ ਡਰ ਨਾਲ ਕੋਈ ਬਹਾਨਾ ਬਣਾ ਲੈਂਦੀ ਤਾਂ ਉਹ ਨਹੋਰੇ ਨਾਲ ਆਖਦੀ, "ਨੀ ਤੂੰ ਹੁਣ ਸ਼ਹਿਰਨ ਬਣ ਗਈ , ਤੇਰੇ ਵੱਸ ਦੀ ਗੱਲ ਨੀ, ਤੂੰ ਹੁਣ ਚਾਹ ਪਰੌਂਠੇ ਖਾਣ ਗਿੱਝ ਗਈ"।

ਸ਼ਰਮਿੰਦੀ ਹੋਈ ਮੈਂ ਆਖਦੀ, "ਬੋਬੋ ਹਾਅ ਗੱਲ ਨੀ, ਪਿੰਡ ਆ ਕੇ ਤਾਂ ਮੈਂ ਵੀ ਇਹੋ ਕੁੱਝ ਖਾਂਦੀ ਆਂ ਪਰ ਤੂੰ ਤਾਂ ਰੋਟੀਆਂ ਨੂੰ ਰਾਹੜਦੀ ਈ ਨੀ। ਤੂੰ ਤਾਂ ਅੱਗ ਵੀ ਐਦਾਂ ਬਾਲਦੀ ਆਂ ਕਿਤੇ ਰੋਟੀਆਂ ਨੂੰ ਸੇਕ ਨਾ ਲਗ ਜਾਵੇ"।

ਬੋਬੋ ਸਾਰਿਆਂ ਦੀ ਦਰਦੀ ਸੀ। ਸਭ ਦਾ ਦੁੱਖ ਵੰਡਾਂਦੀ ਸੀ। ਗਲੀ-ਮੁਹੱਲੇ, ਆਂਢ-ਗੁਆਂਢ ਕਿਸੇ ਦਾ ਵੀ ਕੰਨ ਤੱਤਾ ਹੁੰਦਾ, ਉਹ ਰਤਾ ਦੇਰ ਨਾ ਲਾਉਂਦੀ, ਝੱਟ ਟੋਪੀ ਆਲੇ ਡਾਕਟਰ ਕੋਲ ਭੱਜੀ ਜਾਂਦੀ। ਕਦੀ ਧੁਪ ਧੁਖਾਉਂਦੀ, ਕਦੀ ਲਾਲਾਂ ਵਾਲੇ ਦੇ ਰੋਟ ਚੜ੍ਹਾਉਂਦੀ, ਕਦੀ ਸਨੈਤਵਲੀ ਦੀ ਸਮਾਧ 'ਤੇ ਰੋੜੇ ਸੁੱਖਦੀ ਤੇ ਕਦੀ ਗੁਰਦੁਆਰੇ ਫੁੱਲੀਆਂ-ਪਤਾਸੇ ਚੜ੍ਹਾ ਕੇ ਆਉਂਦੀ। ਸਾਰੇ ਘਰਾਂ ਦੇ ਨਿਆਣੇ ਉਸ ਦੇ ਆਪਣੇ ਸਨ। ਵਿਆਹਾਂ ਵਾਲੇ ਘਰਾਂ ਤੋਂ ਆਈਆਂ ਨਿਸ਼ਾਨੀਆਂ ਉਹ ਸਾਂਭ ਕੇ ਰੱਖਦੀ, ਸ਼ੀਰਨੀ ਤੇ ਕਾਠੇ ਗੋਗਲਿਆਂ ਨਾਲ ਸਾਡੇ ਪੱਲੇ ਭਰ ਦਿੰਦੀ।

ਬੋਬੋ ਖੇਤੀ ਬੰਨੀ ਵੀ ਪੂਰਾ ਪਹਿਰਾ ਰੱਖਦੀ। ਛਾਹ ਵੇਲਾ ਕਰ ਕੇ ਕੱਛ ਵਿੱਚ ਰੰਬੀ ਲੈਂਦੀ ਅਤੇ ਖੇਤਾਂ ਨੂੰ ਤੁਰ ਪੈਂਦੀ। ਸਵੇਰੇ ਢੱਕ, ਤੇ ਸ਼ਾਮੀਂ ਮੰਡ। ਕਦੀ ਸਿਰ 'ਤੇ ਮੁੱਠ ਲਕੜੀਆਂ ਦੀ ਹੁੰਦੀ, ਕਦੀ ਘਾਹ ਦੀ ਡਿੱਬੂ ਦੀ। ਫ਼ਸਲ ਪੱਕਣ 'ਤੇ ਉਹ ਵਾਢੀ ਤੋਂ ਲੈ ਕੇ ਬੋਹਲ ਲੱਗਣ ਤੱਕ ਨੇਮ ਨਾਲ ਖੇਤੀਂ ਜਾਂਦੀ। ਉਹ ਬੜੇ ਮਾਣ ਨਾਲ ਆਖਦੀ, "ਖੇਤੀ ਖਸਮਾਂ ਸੇਤੀ ਹੁੰਦੀ ਆ। ਬਹਾਨੇ ਨਾਲ ਖੇਤ ਬੰਨੇ ਘੁੰਮ ਆਉਂਦੀ ਆ, ਨਾਲੇ ਬਟਾਈ ਆਲਿਆਂ ਨੂੰ ਡਰ ਰਹਿੰਦਾ"।

ਖਾਣ ਜੋਗੇ ਦਾਣੇ ਰੱਖ ਕੇ ਬਾਕੀ ਉਹ ਵੇਚ ਦਿੰਦੀ। ਕੁੱਝ ਪੈਸੇ ਭਾਣਜੀ ਨੂੰ ਦੇ ਆਉਂਦੀ, ਕੁੱਝ ਗਰਜਾਂ ਵਾਲੇ ਲੈ ਜਾਂਦੇ। ਆਂਢ=ਗੁਆਂਢ ਸਭ ਨੂੰ ਇਹ ਸ਼ੱਕ ਸੀ ਕਿ ਬੋਬੋ ਕੋਲ ਪੈਸਾ ਬਹੁਤ ਹੈ। ਲੋਕ ਆਖਦੇ ਪੈਸੇ ਦੀ ਤਮ੍ਹਾਂ ਨੇ ਇਸ ਦਾ ਦਿਮਾਗ ਖ਼ਰਾਬ ਕਰ ਦਿੱਤਾ ਹੈ। ਕੋਈ ਕਹਿੰਦਾ ਕਿ ਉਹ ਤੁਰੀ ਜਾਂਦੀ ਆਪਣੇ ਨਾਲ ਹੀ ਗੱਲਾਂ ਕਰਦੀ ਰਹਿੰਦੀ ਹੈ। ਕੋਈ ਆਖਦਾ ਕਿ ਕੱਲ੍ਹ ਮਾਲ ਦੀ ਬਹਿੰਕੀ ਵੱਲ ਨੂੰ ਤੁਰੀ ਜਾਂਦੀ ਬੋਬੋ ਨੇ ਗੋਹੇ ਦੇ ਫੋਸ ਦੇ ਭੁਲਾਵੇਂ ਇੱਕ ਕਾਲਾ ਜਿਹਾ ਕਤੂਰਾ ਚੁੱਕ ਲਿਆ। ਜਦੋਂ ਉਹ ਚਊਂ ਚਊਂ ਕਰਨ ਲੱਗਾ ਤਾਂ ਉਸ ਨੂੰ ਥੱਲੇ ਸੁੱਟ ਕੇ ਕਹਿਣ ਲੱਗੀ, "ਫੱਟ ਫਿਟੇ ਮੂੰਹ ਤੇਰੇ"। ਰਾਹ 'ਚ ਖੜ੍ਹੇ ਨਿਆਣੇ ਤਾੜੀਆਂ ਮਾਰ ਕੇ ਹੱਸਣ ਲੱਗਦੇ।

ਇੱਕ ਦਿਨ ਬੋਬੋ ਗਲੀ ਵਿੱਚ ਮੰਜਾ ਡਾਹ ਕੇ ਪਈ ਉੱਚੀ ਉੱਚੀ ਗਾਲ੍ਹਾਂ ਕੱਢ ਰਹੀ ਸੀ, "ਮੈਂ ਤਾਂ ਕਹਿੰਨੀ ਆਂ, ਸ਼ੰਕਰ ਸਿਆਂ ਤੇਰਾ ਕੱਖ ਨਾ ਰਹੇ। ਮੈਂ ਕਹਿਨੀ ਆਂ ਤੇਰੇ ਇੱਕ ਪੁੱਤ ਨੂੰ ਦਿਨ ਨਾ ਚੜ੍ਹੇ। ਮੈਂ ਕਹਿਨੀ ਆਂ ਤੇਰਾ ਬੇੜਾ ਭਰ ਕੇ ਡੁੱਬੇ"। ਮੈਂ ਉਸ ਨੂੰ ਇਸ ਦਾ ਕਾਰਨ ਪੁੱਛ ਲਿਆ ਤਾਂ ਬੋਬੋ ਹੌਕਾ ਭਰ ਕੇ ਬੋਲੀ, "ਧੀਏ ਕੀ ਦੱਸਾਂ। ਆਪਣਾ ਝੱਗਾ ਚੁੱਕਿਆਂ ਆਪਣਾ ਹੀ ਢਿੱਡ ਨੰਗਾ ਹੁੰਦਾ। ਮੈਨੂੰ ਧੋਖੇ ਵਿੱਚ ਰੱਖ ਕੇ ਜਲ ਜਾਣੇ ਸ਼ੰਕਰ ਸੂੰਹ ਨੇ ਮੇਰੇ ਕੋਲੋਂ ਦਸਖਤ ਕਰਾ ਲਏ।

ਮੈਨੂੰ ਕਹਿੰਦਾ ਬਿਜਲੀ ਦੇ ਕਾਗਜ ਆ। ਤੇਰੇ ਬਿਜਲੀ ਫਿੱਟ ਕਰਾ ਦਿੰਦਾਂ। ਨਾਲੇ ਕਹਿੰਦਾ ਹੈਥੇ ਕੱਚੇ ਕੋਠੇ ਦੀ ਛੱਤ ਥੱਲੇ ਆ ਕੇ ਈ ਨਾ ਮਰ ਜਾਈਂ, ਕਿਤੇ ਤੇਰੇ ਲਈ ਪੱਕੀ ਬੈਠਕ ਬਣਾ ਦਿੰਦਾਂ। ਮੈਂ ਨਪੁੱਤੀ ਕੀ ਜਾਣਾ ਕਿ ਆਹ ਦੋ ਖਣ ਪੱਕੇ ਬਣਾ ਕੇ ਕੀ ਕਰਨ ਲੱਗਿਆ। ਮੈਂ ਨਿੱਜ ਹੋਣੇ ਨੂੰ ਨਾ ਮੂੰਹ ਲਾਉਂਦੀ ਤੇ ਨਾ ਆਹ ਦਿਨ ਦੇਖਣੇ ਪੈਂਦੇ। ਮੈਨੂੰ ਤਾਂ ਲੰਬੜ ਨੇ ਦੱਸਿਆ ਕਿ ਬੁੜੀਏ ਤੇਰੀ ਜੈਦਾਤ ਦੀ ਵਸੀਅਤ ਹੋ ਗਈ। ਮੈਂ ਤਾਂ ਸਾਰੀ ਜੈਦਾਤ ਸਕੂਲ ਦੇ ਨਾਂ ਕਰਾਣੀ ਸੀ। ਮੈਂ ਸੱਖਣੀ ਸਪੁੱਤੀ ਤਾਂ ਬਣ ਜਾਂਦੀ"।

ਇੱਕ ਦਿਨ ਬੋਬੋ ਦੀ ਭਾਣਜੀ ਦੇ ਪਿੰਡ ਨੂੰ ਇੱਕ ਜਨੇਤ ਚੱਲੀ ਸੀ। ਬੋਬੋ ਵੀ ਵਿਆਹ ਵਾਲਿਆਂ ਨੂੰ ਕਹਿ ਸੁਣ ਕੇ ਟਰੱਕ ਵਿੱਚ ਬਹਿ ਗਈ। ਸ਼ੱਕਰ ਦਾ ਭਰਿਆ ਥੈਲਾ ਬੋਬੋ ਨੇ ਹੱਥ ਵਿੱਚ ਫੜਿਆ ਹੋਇਆ ਸੀ। ਮੇਰੇ ਭਰਾ ਨੂੰ ਆਵਾਜ਼ ਮਾਰ ਕੇ ਚਾਬੀ ਫੜਾਉਂਦੀ ਹੋਈ ਬੋਲੀ, "ਗੜ੍ਹਸ਼ੰਕਰ ਅੱਖਾਂ ਦਿਖਾ ਕੇ ਕੱਲ੍ਹ ਨੂੰ ਮੁੜੂੰਗੀ"।

ਦੂਜੇ ਦਿਨ ਮੈਂ ਆਪਣਾ ਦਲਾਨ ਲਿੱਪ ਰਹੀ ਸੀ ਕਿ ਕਿਸੇ ਨੇ ਬਾਹਰ ਗਲੀ ਵਿੱਚ ਆਵਾਜ਼ ਮਾਰੀ, " ਬਾਬਿਓ! ਕੋਈ ਹੈ ਘਰ?" ਮੈਂ ਮਿੱਟੀ ਨਾਲ ਲਿੱਬੜੇ ਹੱਥੀਂ ਬਾਹਰ ਨਿਕਲ ਕੇ ਪੁੱਛਿਆ, "ਕੀ ਗੱਲ ਏ?"

ਮਸ਼ੀਨ ਵਾਲਾ ਭਾਗ ਸਿੰਘ ਕਹਿ ਰਿਹਾ ਸੀ, "ਥੁਆਡੀ ਹਰੋ ਬੁੜ੍ਹੀ ਗੜ੍ਹਸ਼ੰਕਰ ਐਕਸੀਡੈਂਟ ਨਾਲ ਮਰੀ ਪਈ ਆ"।

ਸੁਣਦਿਆਂ ਸਾਰ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਘਰਦਿਆਂ ਨੂੰ ਖੇਤਾਂ ਵਿੱਚ ਸੁਨੇਹਾ ਪਹੁੰਚਾਇਆ। ਤਿੰਨ ਚਾਰ ਆਦਮੀ ਗੜ੍ਹਸ਼ੰਕਰ ਪੁੱਜੇ। ਬੋਬੋ ਦੀ ਲਾਸ਼ ਨੰਗ-ਧੜੰਗੀ ਮੁਰਦਾਖਾਨੇ ਵਿੱਚ ਪਈ ਸੀ। 'ਲਾਵਾਰਸ' ਸਮਝ ਕੇ ਪੋਸਟਮਾਰਟਮ ਤੋਂ ਬਾਅਦ ਉਂਦਾਂ ਹੀ ਸੁੱਟ ਦਿੱਤੀ ਗਈ ਸੀ। ਪਿੰਡ ਦੇ ਬੰਦਿਆਂ ਦੇ ਪਹੁੰਚਣ ਤੱਕ ਲਾਸ਼ ਕੀੜਿਆਂ ਨਾਲ ਕਾਲੀ ਹੋਈ ਪਈ ਸੀ ਤੇ ਬਦਬੂ ਛੱਡ ਰਹੀ ਸੀ। ਕਫ਼ਨ ਵਿੱਚ ਲਪੇਟ ਕੇ ਲਾਸ਼ ਸਿੱਧੀ ਸਿਵਿਆਂ ਵਿੱਚ ਹੀ ਲਿਆਂਦੀ ਗਈ। ਸਾਰਾ ਪਿੰਡ ਬੋਬੋ ਦੇ ਮਰਨ 'ਤੇ ਇਕੱਠਾ ਹੋਇਆ। ਸਭ ਬੋਬੋ ਦੇ ਪਰਉਪਕਾਰਾਂ ਦੇ ਸੋਹਲੇ ਗਾ ਰਹੇ ਸਨ। ਸਾਰੇ ਪਿੰਡ ਨੇ ਮਿਲ ਕੇ ਉਸ ਦਾ ਮਰਨਾ ਨਜਿੱਠਿਆ।

ਭੋਗ ਵਾਲੇ ਦਿਨ ਬੋਬੋ ਦੇ ਲੈਣਦਾਰਾਂ ਨੇ ਰਕਮ ਇਕੱਠੀ ਕਰ ਕੇ ਉਸ ਦੇ ਨਾਂ 'ਤੇ ਸਕੂਲ ਵਿੱਚ ਕਮਰਾ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ। ਧੋਖੇ ਨਾਲ ਵਸੀਅਤ ਕਰਾਉਣ ਵਾਲਾ ਸ਼ੰਕਰ ਸਿੰਘ ਵੀ ਇਕੱਠ ਵਿੱਚ ਗਲ਼ ਵਿੱਚ ਪੱਲਾ ਪਾ ਕੇ ਖੜ੍ਹਾ ਹੋਇਆ ਤੇ ਕਹਿਣ ਲੱਗਾ, "ਸਾਰੀ ਪਰ੍ਹੇ ਦੇ ਸਾਹਮਣੇ ਵਸੀਅਤ ਪਾੜ ਰਿਹਾ ਹਾਂ, ਮੈਂ ਆਪਣੀ ਗਲਤੀ 'ਤੇ ਪਛਤਾ ਰਿਹਾ ਹਾਂ। ਪਿੰਡ ਜਿਵੇਂ ਚਾਹੇ ਉਸ ਦੀ ਜਾਇਦਾਦ ਵਰਤ ਸਕਦਾ ਹੈ"। ਸਰਪੰਚ ਨੇ ਖੜ੍ਹੇ ਹੋ ਕੇ ਕਿਹਾ, "ਹਰ ਕੌਰ ਦੀ ਸਾਰੀ ਜਾਇਦਾਦ ਪੰਚਾਇਤ ਰਾਹੀਂ ਸਕੂਲ ਨੂੰ ਸੌਂਪੀ ਜਾਂਦੀ ਹੈ"। ਇਕੱਠ ਵਿੱਚੋਂ ਸਮੂਹਿਕ ਆਵਾਜ਼ ਆਈ, " ਹਰੋ ਅੱਜ ਸਪੁੱਤੀ ਹੋ ਗਈ"।

## ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ....



ਰੋਪੜ ਵਿਖੇ ਦਰਿਆ ਸਤਲੁਜ ਦੇ ਕਿਨਾਰੇ 'ਤੇ ਸਥਿਤ ਗੁਰੂਦੁਆਰਾ ਹੈਡ ਦਰਬਾਰ ਕੋਟ ਪੁਰਾਣ ਦੇ ਮੁਖੀ ਬਾਬਾ ਖੁਸ਼ਹਾਲ ਸਿੰਘ ਜੀ 96 ਸਾਲ ਦੀ ਸਫ਼ਲ ਜ਼ਿੰਦਗੀ ਭੋਗ ਕੇ 25 ਮਈ, 2025 ਨੂੰ ਅੰਮ੍ਰਿਤ ਵੇਲੇ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦੀ ਦੇਹ 26 ਮਈ ਨੂੰ ਨੰਗਲ ਵਿਖੇ ਗੁਰੂਦੁਆਰਾ ਬਿਭੌਰ ਸਾਹਿਬ ਨੇੜੇ ਸਤਲੁਜ ਦਰਿਆ ਵਿੱਚ ਪ੍ਰਵਾਹ ਕਰ ਦਿੱਤੀ ਗਈ। ਸੰਤ ਅਵਤਾਰ ਸਿੰਘ ਜੀ ਦੀ ਦੇਖਰੇਖ ਹੇਠ ਸੈਕੜੇ ਸ਼ਰਧਾਲੂਆਂ ਨੇ ਨਮ ਅੱਖਾਂ ਨਾਲ ਆਪ ਨੂੰ ਅਲਵਿਦਾ ਕਿਹਾ। ਆਪ ਜੀ ਦੀ ਆਤਮਾ ਲਈ ਅੰਤਿਮ ਅਰਦਾਸ 3 ਜੂਨ, 2025 ਨੂੰ ਗੁਰਦੁਆਰਾ ਹੈਡ ਦਰਬਾਰ ਕੋਟ ਪੁਰਾਣ ਵਿਖੇ ਕੀਤੀ ਗਈ ਜਿਸ ਵਿੱਚ ਧਾਰਮਿਕ ਡੇਰਿਆਂ ਤੇ ਸੰਸਥਾਵਾਂ ਦੇ ਮੁਖੀਆਂ, ਧਾਰਮਿਕ ਸਖਸ਼ੀਅਤਾਂ, ਰਾਜਨੀਤਿਕ ਆਗੂਆਂ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਬਾਬਾ ਜੀ ਦੇ ਸ਼ਰਧਾਲੂਆਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਬਾਬਾ ਖੁਸ਼ਹਾਲ ਸਿੰਘ ਜੀ ਦਾ ਜਨਮ ਸੰਨ 1929 ਵਿੱਚ ਰੋਪੜ ਸ਼ਹਿਰ ਦੇ ਨਜ਼ਦੀਕ ਪਿੰਡ ਬਹਾਦੁਰਪੁਰ ਵਿਖੇ ਇੱਕ ਕਿਸਾਨੀ ਸੈਣੀ ਪਰਿਵਾਰ ਵਿੱਚ ਪਿਤਾ ਈਸ਼ਰ ਸਿੰਘ ਅਤੇ ਮਾਤਾ ਰਾਖੋ ਕੌਰ ਦੇ ਘਰ ਹੋਇਆ। ਆਪ ਦੇ ਦੋ ਭਰਾ ਅਤੇ ਤਿੰਨ ਭੈਣਾਂ ਸਨ। ਆਪ ਬਚਪਨ ਤੋਂ ਹੀ ਗੁਰਬਾਣੀ ਨਾਲ ਜੁੜ ਗਏ ਅਤੇ ਨਿੱਤਨੇਮ ਕਰਨ ਲੱਗ ਪਏ ਸਨ। ਆਪ ਪੰਜਾਬ ਦੇ ਸਿੰਜਾਈ ਵਿਭਾਗ ਵਿੱਚ ਨੌਕਰੀ ਕਰਨ ਸਮੇਂ ਵੀ ਗਰੀਬਾਂ ਅਤੇ ਲੋੜਮੰਦਾਂ ਦੀ ਮਦਦ ਕਰਿਆ ਕਰਦੇ ਸਨ। ਆਪ ਆਪਣੀ ਸਾਰੀ ਤਨਖਾਹ ਵੀ ਲੰਗਰ ਦੀ ਸੇਵਾ ਵਿੱਚ ਖਰਚ ਕਰ ਦਿੰਦੇ ਸਨ। ਆਪ ਨੇ ਵਿਰੱਕਤ ਹੋ ਕੇ ਸਰਕਾਰੀ ਨੌਕਰੀ ਛੱਡ ਦਿੱਤੀ ਅਤੇ ਸਤਲੁਜ ਦਰਿਆ ਦੇ ਉੱਤਰੀ ਕਿਨਾਰੇ 'ਤੇ ਝੌਂਪੜੀ ਬਣਾ ਦੇ ਰਹਿੰਦੇ ਸੰਤ ਸ਼ਾਦੀ ਸਿੰਘ ਦੀ ਸੰਗਤ ਕਰਨੀ ਸ਼ੁਰੂ ਕਰ ਦਿੱਤੀ। ਸੰਤ ਸ਼ਾਦੀ ਸਿੰਘ ਜੀ 1987 ਵਿੱਚ ਅਕਾਲ ਚਲਾਣਾ ਕਰ ਗਏ ਤਾਂ ਬਾਬਾ ਖੁਸ਼ਹਾਲ ਸਿੰਘ ਜੀ ਨੂੰ ਗੁਰਦੁਆਰਾ ਸਾਹਿਬ ਦੀ ਜ਼ਿੰਮੇਵਾਰੀ ਸੰਭਾਲ ਦਿੱਤੀ ਗਈ। ਇਸ ਸਮੇਂ ਇਸ ਗੁਰਦੁਆਰਾ ਸਾਹਿਬ ਦੀ ਆਲੀਸ਼ਾਨ ਇਮਾਰਤ, ਲੰਗਰ ਹਾਲ ਅਤੇ ਪਾਰਕਿੰਗ ਹੈ। ਬਾਬਾ ਜੀ ਦੀ ਰਹਿਨਮਾਈ ਹੇਠ ਸੰਤ ਅਵਤਾਰ ਸਿੰਘ ਜੀ ਇਲਾਕੇ ਦੇ ਹਰ ਧਾਰਮਿਕ ਸਮਾਗਮ ਅਤੇ ਸਮਾਜ ਭਲਾਈ ਦੇ ਕਾਰਜਾਂ ਵਿੱਚ ਵਧ ਚੜ੍ਹ ਕੇ ਯੋਗਦਾਨ ਪਾਉਂਦੇ ਹਨ। ਦਿੱਲੀ ਵਿੱਚ ਕਿਸਾਨੀ ਅੰਦੋਲਨ ਦੌਰਾਨ ਇਸ ਗੁਰਦੁਆਰਾ ਸਾਹਿਬ ਨੇ ਬੇਮਿਸਾਲ ਲੰਗਰ ਦੀ ਸੇਵਾ ਕੀਤੀ। ਆਪ ਹਰ ਸਮੇਂ ਨਾਮ ਜਪਣ ਵਿੱਚ ਲੀਨ ਰਹਿੰਦੇ ਸਨ।

"ਬ੍ਰਹਮ ਗਿਆਨੀ ਸਦ ਜੀਵੈ ਨਹੀਂ ਮਰਤਾ"



## ਜਿਨ੍ਹਾਂ ਸਾਡਾ ਮਾਣ ਵਧਾਇਆ ਹੈ

**ਬਲਬੀਰ ਸਿੰਘ ਸੈਣੀ**
**ਸੈਣੀ ਭਵਨ, ਰੂਪਨਗਰ**

**ਸ਼੍ਰੀ ਵਿਨਾਇਕ ਸੈਣੀ–**
ਆਪ ਨੂੰ ਪੰਜਾਬ ਨੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦਾ ਚੇਅਰਮੈਂਨ ਨਿਯੁਕਤ ਕੀਤਾ ਹੈ। ਇਸ ਵਕਾਰੀ ਪੋਸਟ ਨੂੰ ਗ੍ਰਹਿਣ ਕਰਨ ਵਾਲੇ ਉਹ ਪਹਿਲੇ ਸੈਣੀ ਵਿਅਕਤੀ ਹਨ। ਪੰਜਾਬ ਦੀ ਸਰਕਾਰੀ ਸੇਵਾ ਵਿੱਚ ਪਹਿਲੇ ਦਰਜੇ ਦੇ ਅਧਿਕਾਰੀਆਂ ਦੀ ਚੋਣ ਇਸ ਕਮਿਸ਼ਨ ਵਲੋਂ ਕੀਤੀ ਜਾਂਦੀ ਹੈ ਜਿਸ ਕਾਰਨ ਇਸ ਦੇ ਚੇਅਰਮੈਨ ਦਾ ਗਿਆਨਵਾਨ ਅਤੇ ਇਮਾਨਦਾਰ ਹੋਣਾ ਅਤਿ ਜ਼ਰੂਰੀ ਹੈ। ਆਪ ਅਕਤੂਬਰ 2024 ਵਿੱਚ ਭਾਰਤੀ ਫੌਜ ਵਿੱਚੋਂ ਮੇਜਰ ਜਨਰਲ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਹਨ। ਆਪ ਦਾ ਪਿਛੋਕੜ ਫਗਵਾੜਾ ਦਾ ਹੈ ਅਤੇ ਆਪ ਦੇ ਪਿਤਾ ਸ. ਸੁਰਜੀਤ ਸਿੰਘ ਪੂਸਾ ਖੇਤੀਬਾੜੀ ਯੂਨੀਵਰਸਿਟੀ ਦਿੱਲੀ ਵਿਖੇ ਵਿਗਿਆਨੀ ਸਨ। ਆਪ ਨੇ ਪੰਜਾਬ ਪਬਲਿਕ ਸਕੂਲ ਨਾਭਾ ਤੋਂ ਸਕੂਲੀ ਸਿੱਖਿਆ ਹਾਸਲ ਕਰ ਕੇ ਨੈਸ਼ਨਲ ਡਫੈਂਸ ਅਕੈਡਮੀ ਵਿੱਚ ਦਾਖਲਾ ਲੈਣ ਵਿੱਚ ਕਾਮਯਾਬੀ ਹਾਸਲ ਕਰ ਲਈ ਅਤੇ ਇੱਥੇ ਹੀ ਡਿਫੈਂਸ ਇੰਜਨੀਅਰਿੰਗ ਕਾਲਜ ਪੂਨਾ ਤੋਂ ਬੀ.ਟੈਕ ਦੀ ਡਿਗਰੀ ਪਾਸ ਕੀਤੀ। ਆਪ ਕੋਰ ਆਫ਼ ਇੰਜਨੀਅਰਜ਼ ਵਿੱਚ ਨਿਯੁਕਤ ਕੀਤੇ ਗਏ। ਆਪਣੀ ਨੇ ਨੌਕਰੀ ਦੌਰਾਨ ਕਈ ਅਹਿਮ ਅਹੁਦਿਆਂ 'ਤੇ ਬਹੁਤ ਇਮਾਨਦਾਰੀ ਤੇ ਸੂਝਬੂਝ ਨਾਲ ਕੰਮ ਕੀਤਾ। ਆਪ ਆਪਣੇ ਮਹਿਕਮੇ ਵਿੱਚ ਸਭ ਤੋਂ ਸੀਨੀਅਰ ਅਫ਼ਸਰ ਸਨ। ਆਪ ਨੇ ਅਜੇ ਹੋਰ ਉਚਾਈਆਂ ਨੂੰ ਪਾਰ ਕਰਨਾ ਸੀ ਪਰ ਕਿਸੇ ਵਿਭਾਗੀ ਵੈਰਵਿਰੋਧ ਕਾਰਨ ਆਪ ਦੀ ਸਾਲਾਨਾ ਗੁਪਤ ਰਿਪੋਰਟ ਵਿੱਚ ਮਾੜੀ ਟਿੱਪਣੀ ਦੇ ਦਿੱਤੀ ਗਈ ਜਿਸ ਕਾਰਨ ਆਪ ਦੀ ਤਰੱਕੀ ਰੋਕ ਦਿੱਤੀ ਗਈ। ਇਸ ਬੇਇਨਸਾਫ਼ੀ ਵਿਰੁੱਧ ਆਪ ਨੇ ਦਿੱਲੀ ਹਾਈ ਕੋਰਟ ਵਿੱਚ ਮੁਕੱਦਮਾ ਦਾਇਰ ਕਰ ਦਿੱਤਾ ਜਿਸ ਦਾ ਫੈਸਲਾ ਆਪ ਦੇ ਹੱਕ ਵਿੱਚ ਹੋ ਗਿਆ। ਆਪ ਇਮਾਨਦਾਰੀ ਅਤੇ ਦ੍ਰਿੜ ਇਰਾਦੇ ਲਈ ਜਾਣੇ ਜਾਂਦੇ ਹਨ। ਸਾਨੂੰ ਪੂਰੀ ਉਮੀਦ ਹੈ ਆਪ ਪੀਪੀਐਸਸੀ ਦੇ ਚੇਅਰਮੈਨ ਦੇ ਕਠਿਨ ਕਾਰਜ ਵਿੱਚ ਪੂਰੀ ਤਰ੍ਹਾਂ ਸਫ਼ਲ ਰਹਿਣਗੇ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਪੰਜਾਬ ਸਰਕਾਰ ਦੇ ਧੰਨਵਾਦੀ ਹਨ ਜਿਸ ਨੇ ਸੈਣੀ ਬਰਾਦਰੀ ਨੂੰ ਇੰਨਾਂ ਵੱਡਾ ਮਾਣ ਬਖਸ਼ਿਆ ਹੈ।



ਇਸ ਪ੍ਰਾਪਤੀ ਲਈ ਸੈਣੀ ਭਵਨ ਵਲੋਂ ਚੇਅਰਮੈਨ ਸਾਹਿਬ ਨੂੰ ਪੱਤਰ ਨੰ.1590 ਮਿਤੀ 26 ਮਈ, 2025 ਲਿਖ ਕੇ ਵਧਾਈ ਦਿੱਤੀ ਗਈ ਸੀ ਅਤੇ ਉਨ੍ਹਾਂ ਨੂੰ ਸੈਣੀ ਭਵਨ ਰੂਪਨਗਰ ਵਿਖੇ ਜੁਲਾਈ ਵਿੱਚ ਖੂਨਦਾਨ ਕੈਂਪ ਤੇ ਮੈਗਜ਼ੀਨ ਰਿਲੀਜ਼ ਸਮਾਰੋਹਾਂ ਜਾਂ ਨਵੰਬਰ ਵਿੱਚ ਹੋਣ ਵਾਲੇ ਸਾਲਾਨਾ ਸਿੱਖਿਆ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣ ਦੀ ਬੇਨਤੀ ਕੀਤੀ ਗਈ ਸੀ। ਇਸ ਦੇ ਉੱਤਰ ਵਿੱਚ ਉਨ੍ਹਾਂ ਨੇ ਸੈਣੀ ਭਵਨ ਨੂੰ ਭੇਜੇ ਹੇਠ ਲਿਖੇ ਉਤਰ ਵਿੱਚ ਜਿੱਥੇ ਧੰਨਵਾਦ ਕੀਤਾ ਹੈ ਉੱਥੇ ਸਮਾਗਮਾਂ ਵਿੱਚ ਸ਼ਾਮਿਲ ਹੋਣ ਦੀ ਸਹਿਮਤੀ ਦਿੱਤੀ ਹੈ।

Maj Gen Vinayak Saini
Punjab Public Service Commission
SM, VSM (Retd)
Seal of PPSC
Baradari Gardens, Patiala-147001
Chairman
Ph. 0175-5011901
No. PS/CH-25/216
02 Jun, 2025

"At the outset, kindly accept my heartfelt gratitude for your congratulatory note on my nomination as the Chairman PPSC.

It is indeed very heartening to note that both Saini Bhawan Trust and Saini Charitable Education Trust are doing a yeoman service to the under privileged sections of our society apart from providing relief to people during natural disasters/calamities.

As for as attending the two events planned in July & Oct. 2025 is concerned, it would be my honour to grace the occasion, however the same would depend upon the official commitments which can only be confirmed closer to the date.

With warm regards
Your Sincerely
Signature

**ਡਾ. ਜਸਵਿੰਦਰ ਸਿੰਘ ਸੈਣੀ–** ਸੈਣੀ ਬਰਾਦਰੀ ਲਈ ਇਹ ਅਤਿ ਮਾਣ ਵਾਲੀ ਗੱਲ ਹੈ ਕਿ ਡਾ. ਜਸਵਿੰਦਰ ਸਿੰਘ ਸੈਣੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਚੰਡੀਗੜ੍ਹ ਦੇ ਪ੍ਰਿੰਸੀਪਲ ਨਿਯੁਕਤ ਕੀਤੇ ਗਏ ਹਨ। ਆਪ ਸੰਨ 2006 ਤੋਂ ਇਸ ਕਾਲਜ ਵਿੱਚ ਪੰਜਾਬੀ ਦੇ ਲੈਕਚਰਾਰ ਵਜੋਂ ਸੇਵਾਵਾਂ ਨਿਭਾ ਰਹੇ ਸਨ। ਹੁਸ਼ਿਆਰਪੁਰ ਜ਼ਿਲ੍ਹੇ ਦੀ ਤਹਿਸੀਲ ਦਸੂਹਾ ਦੇ ਪਿੰਡ



ਖੁਨਖੁਨ ਕਲਾਂ ਦੇ ਇਹ ਉਤਸ਼ਾਹੀ ਤੇ ਬੁੱਧੀਜੀਵੀ ਵਿਦਵਾਨ ਨੇ ਪੰਜਾਬੀ ਵਿਸ਼ੇ ਵਿੱਚ ਪੀ.ਐਚ.ਡੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਅਤੇ ਸਿਵਲ ਇੰਜਨੀਅਰਿੰਗ ਵਿੱਚ ਮਾਸਟਰਜ਼ ਡਿਗਰੀ ਪੰਜਾਬ ਇੰਜਨੀਅਰਿੰਗ ਕਾਲਜ ਚੰਡੀਗੜ੍ਹ ਤੋਂ ਕੀਤੀ। ਇਸ ਲਈ ਆਪ ਬਹੁਪੱਖੀ ਗਿਆਨ ਦੇ ਮਾਲਕ ਹਨ। ਆਪ ਲੋਕ ਹੱਕਾਂ ਲਈ ਜੂਝਣ ਵਾਲੇ ਵਿਅਕਤੀ ਹਨ ਜਿਸ ਕਾਰਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਦੋ ਸਾਲ ਤੱਕ ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਰਹੇ ਅਤੇ ਫਿਰ ਪੰਜਾਬ ਅਤੇ ਚੰਡੀਗੜ੍ਹ ਕਾਲਜ ਅਧਿਆਪਕ ਯੂਨੀਅਨ ਦੇ ਸਰਗਰਮ ਵਰਕਰ ਰਹੇ ਹਨ। ਆਪ ਨੇ ਅਕਾਦਮਿਕ ਖੇਤਰ ਵਿੱਚ ਮਾਣਯੋਗ ਕਾਰਜ ਕੀਤੇ ਹਨ ਜਿਨ੍ਹਾਂ ਵਿੱਚ ਦੋ ਆਲੋਚਨਾ ਪੁਸਤਕਾਂ ਦੀ ਪ੍ਰਕਾਸ਼ਨਾ ਅਤੇ ਦਰਜਨਾ ਖੋਜ ਪੱਤਰ ਸ਼ਾਮਲ ਹਨ। ਇਸ ਤੋਂ ਇਲਾਵਾ ਆਪ ਨੇ ਗੁਰਮਤਿ ਸਾਹਿਤ ਦੇ ਵਿਕਾਸ ਵਿੱਚ ਵੀ ਵਿਸ਼ੇਸ਼ ਯੋਗਦਾਨ ਪਾਇਆ ਹੈ। ਆਪ ਅਗਾਂਹਵਧੂ ਵਿਚਾਰਾਂ ਦੇ ਮਾਲਕ ਹਨ ਜਿਸ ਸਦਕਾ ਸਿੱਖਿਆ ਖੇਤਰ ਵਿੱਚ ਆਪ ਨੇ ਵਰਣਨਯੋਗ ਕਾਰਜ ਕੀਤੇ ਹਨ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕੀ ਕਮੇਟੀ ਮੈਂਬਰ ਆਪ ਦੀ ਇਸ ਪ੍ਰਾਪਤੀ ਲਈ ਮਾਣ ਮਹਿਸੂਸ ਕਰਦੇ ਹਨ।



**ਜਸਵਿੰਦਰਪਾਲ ਸਿੰਘ–** ਰੂਪਨਗਰ ਜ਼ਿਲ੍ਹੇ ਵਿੱਚ ਚਮਕੌਰ ਸਾਹਿਬ ਦੇ ਨਜ਼ਦੀਕ ਪਿੰਡ ਮੁਜ਼ਾਫ਼ਤ ਦੇ ਵਸਨੀਕ ਸੈਣੀ ਬਰਾਦਰੀ ਦੇ ਨੌਜਵਾਨ ਨੇ ਯੂਪੀਐਸਸੀ ਦੁਆਰਾ ਆਯੋਜਿਤ ਇੰਡੀਅਨ ਸਟੈਟਿਸਟੀਕਲ ਸਰਵਿਸ(ਆਈ.ਐਸ.ਐਸ) ਵਿੱਚ ਦੇਸ਼ ਭਰ ਵਿੱਚੋਂ ਚੌਥਾ ਸਥਾਨ ਹਾਸਲ ਕਰ ਕੇ ਇਲਾਕੇ ਅਤੇ ਸੈਣੀ ਭਾਈਚਾਰੇ ਦਾ ਨਾਮ ਉੱਚਾ ਕੀਤਾ ਹੈ। ਇਹ ਸਫ਼ਲਤਾ ਹਾਸਲ ਕਰਨ ਵਾਲਾ ਉਹ ਪੰਜਾਬ ਦਾ ਇਕਲੌਤਾ ਵਿਦਿਆਰਥੀ ਹੈ। ਉਸ ਨੂੰ ਭਾਰਤੀ ਅੰਕੜਾ ਸੇਵਾ ਵਿੱਚ ਐਡੀਸ਼ਨਲ ਡਾਇਰੈਕਟਰ ਦੇ ਨਿਯੁਕਤ ਕੀਤਾ ਗਿਆ ਹੈ ਜੋ ਰਾਸ਼ਟਰ ਪੱਧਰੀ ਪਹਿਲੀ ਸ੍ਰੇਣੀ ਦਾ ਅਹੁਦਾ ਹੈ।

ਜਸਵਿੰਦਰਪਾਲ ਸਿੰਘ ਦੇ ਪਿਤਾ ਜੀ ਸ. ਲਾਭ ਸਿੰਘ ਨਿਚਲੇ ਕਿਸਾਨੀ ਪਰਿਵਾਰ ਨਾਲ ਸਬੰਧਿਤ ਸਨ ਜੋ ਉਨ੍ਹਾਂ ਦੇ ਬਚਪਨ ਵਿੱਚ ਹੀ ਅਕਾਲ ਚਲਾਣਾ ਕਰ ਗਏ ਸਨ। ਆਮਦਨੀ ਦੇ ਸੀਮਿਤ ਸਾਧਨਾ ਨਾਲ ਉਨ੍ਹਾਂ ਦੀ ਮਾਤਾ ਸ਼੍ਰੀਮਤੀ ਗੁਰਨਾਮ ਕੌਰ ਨੇ ਅਤਿ ਦੀ ਮਿਹਨਤ ਕਰ ਕੇ ਆਪਣੇ ਬੇਟੇ ਨੂੰ ਪਾਲ਼ਿਆ ਤੇ ਪੜ੍ਹਾਇਆ। ਉਸ ਨੇ ਸਕੂਲੀ ਸਿੱਖਿਆ ਆਪਣੇ ਪਿੰਡ ਦੇ ਹਿਮਾਲੀਆ ਸੀਨੀਅਰ ਸੈਕੰਡਰੀ ਸਕੂਲ ਤੋਂ ਹਾਸਲ ਕੀਤੀ। ਉਹ ਬਚਪਨ ਤੋਂ ਹੀ ਬਹੁਤ ਮਿਹਨਤੀ ਵਿਦਿਆਰਥੀ ਸੀ ਜਿਸ ਕਾਰਨ ਹਰ ਸ਼੍ਰੇਣੀ ਦੀ ਪ੍ਰੀਖਿਆ ਪਹਿਲੇ ਸਥਾਨ 'ਤੇ ਹੀ ਰਹਿ ਕੇ ਪਾਸ ਕੀਤੀ। ਆਪ ਦੀ ਸਖ਼ਤ ਮਿਹਨਤ ਰੰਗ ਲਿਆਈ ਹੈ ਅਤੇ ਆਪ ਉੱਚ ਅਹੁਦੇ 'ਤੇ ਬਿਰਾਜਮਾਨ ਹੋਣ ਵਿੱਚ ਸਫ਼ਲ ਹੋਏ ਹਨ। ਪ੍ਰਮਾਤਮਾ ਆਪ ਨੂੰ ਹੋਰ ਬੁਲੰਦੀਆਂ 'ਤੇ ਪਹੁੰਚਾਏ।



**ਗੁਰਬਖਸ਼ ਸੈਣੀ–** ਆਪ ਨੇ ਮਈ 2025 ਵਿੱਚ ਕੈਨੇਡਾ ਦੀਆਂ ਹਾਊਸ ਆਫ ਕਾਮਨਜ਼ ਪਾਰਲੀਮੈਂਟ ਚੋਣਾਂ ਵਿੱਚ ਲਿਬਰਲਜ਼ ਪਾਰਟੀ ਵਲੋਂ ਫਲੀਟਵੁੱਡ-ਪੋਰਟ ਕੈਲਜ਼ ਤੋਂ ਜਿੱਤ ਹਾਸਲ ਕਰ ਕੇ ਸੈਣੀ ਬਰਾਦਰੀ ਦਾ ਨਾਮ ਵਿਸ਼ਵ ਵਿੱਚ ਪ੍ਰਸਿੱਧ ਕੀਤਾ ਹੈ। ਆਪ ਦਾ ਜਨਮ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਭੁੰਗਰਨੀ ਵਿੱਚ ਸਾਲ 1951 ਵਿੱਚ ਸਾਧਾਰਨ ਕਿਸਾਨੀ ਪਰਿਵਾਰ ਵਿੱਚ ਹੋਇਆ।ਆਪ ਇਕ ਸੰਜੀਦਾ ਸਮਾਜ ਸੇਵੀ ਅਤੇ ਇਮਾਨਦਾਰ ਰਾਜਸੀ ਨੇਤਾ ਹਨ। ਉਹ 1970 ਵਿੱਚ ਖਾਲੀ ਜੇਬ੍ਹ ਕੈਨੇਡਾ ਵਿੱਚ ਪਹੁੰਚੇ ਸਨ ਅਤੇ ਆਪਣੀ ਮਿਹਨਤ ਸਦਕਾ ਪਲਾਂਟ ਮੈਨੇਜਰ ਦੇ ਅਹੁਦੇ 'ਤੇ ਬਿਰਾਜਮਾਨ ਹੋਏ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੀ ਪੜ੍ਹਾਈ ਜਾਰੀ ਰੱਖੀ। ਉਹ ਆਮ ਲੋਕਾਂ ਵਿੱਚ ਵਿਚਰਦੇ ਹੋਏ ਉਨ੍ਹਾਂ ਦੀਆਂ ਲੋੜਾਂ ਅਤੇ ਮੁਸ਼ਕਲਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਪਹਿਲਾਂ ਉਹ ਵਿਲੀਅਮਜ਼ ਲੇਕ ਇਲਾਕੇ ਵਿੱਚ ਰਹਿੰਦੇ ਸਨ ਜਿੱਥੇ ਉਨ੍ਹਾਂ ਨੇ ਸੱਤ ਵਾਰ ਸਿਟੀ ਕੌਂਸਲਰ ਦੀ ਸੇਵਾ ਨਿਭਾਈ। ਇੱਥੇ ਉਨ੍ਹਾਂ ਨੇ ਵਿਤ, ਪਬਲਿਕ ਵਰਕਸ, ਅਤੇ ਮਨੋਰੰਜਨ ਪਾਰਕ ਕਮੇਟੀਆਂ ਦੇ ਮੈਂਬਰ ਵਜੋਂ ਪ੍ਰਸ਼ੰਸਾਯੋਗ ਕੰਮ ਕੀਤਾ। ਆਪ 2016 ਵਿੱਚ ਫਲੀਟਵੁੱਡ ਪੋਰਟ ਕੈਲਜ਼ ਆ ਗਏ ਜਿੱਥੇ ਆ ਕੇ ਕਮਿਊਨਿਟੀ ਸੈਂਟਰ ਬਣਾਉਣ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਅਤੇ ਰਾਜਨੀਤਿਕ ਕੰਮਾਂ ਵਿੱਚ ਦਿਲਚਸਪੀ ਲੈਣੀ ਸ਼ੁਰੂ ਕੀਤੀ। ਸਮਾਜ ਸੇਵਾ ਕਰ ਕੇ ਉਸ ਨੂੰ ਕੁਈਨ ਐਲੀਜਾਬੇਥ ਪਲਾਟੀਨਮ ਜੁਬਲੀ ਐਵਾਰਡ ਨਾਲ ਸਨਮਾਨਤ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਉਹ ਬ੍ਰਿਟਿਸ਼ ਕੋਲੰਬੀਆ ਦੇ ਲਿੱਕਰ ਅਪੀਲ ਬੋਰਡ, ਕਮਰਸ਼ਲ ਅਪੀਲਜ਼ ਅਤੇ ਟੂਰਿਸਟ ਐਡਵਾਇਜ਼ਰੀ ਕਮਿਸ਼ਨ ਦੇ ਮੈਂਬਰ ਵੀ ਹਨ।

ਜਿਵੇਂ ਹਨੇਰੇ ਦਾ ਆਪਣਾ ਕੋਈ ਵਜੂਦ ਨਹੀਂ ਹੁੰਦਾ ਚਾਨਣ ਦੀ ਗੈਰਹਾਜ਼ਰੀ ਦਾ ਨਾਮ ਹੀ ਹਨੇਰਾ ਹੈ। ਅਚੇਤਨਾ, ਅਗਿਆਨਤਾ ਅਤੇ ਅੰਧ ਵਿਸ਼ਵਾਸ਼, ਚੇਤਨਤਾ, ਗਿਆਨ ਅਤੇ ਤਰਕ ਦੀ ਗੈਰ ਹਾਜ਼ਰੀ ਵਿੱਚੋਂ ਉਪਜਦੇ ਹਨ।



ਕੁਦਰਤੀ ਅਜੂਬੇ

## ਬਲਿਹਾਰੀ ਕੁਦਰਤਿ ਵਸਿਆ-ਤੇਰਾ ਅੰਤੁ ਨਾ ਜਾਈ ਲਖਿਆ

ਡਾ. ਹਰਚਰਨ ਦਾਸ
ਰੂਪਨਗਰ

ਕੁਦਰਤ ਬਹੁਤ ਮਹਾਨ ਹੈ। ਇਸ ਨੇ ਅਚੰਭਾਜਨਕ ਅਤੇ ਗੁੰਝਲਦਾਰ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਮਨੁੱਖ ਇਸ ਦਾ ਚੇਤੰਨ ਅਤੇ ਖੋਜੀ ਅੰਗ ਹੈ। ਇਹ ਇਸ ਵਿੱਚ ਵਿਚਰਦਾ ਮੁੱਢ ਕਦੀਮ ਤੋਂ ਹੀ ਇਸ ਦੀਆਂ ਪੀਢੀਆਂ ਗੰਢਾਂ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰਦਾ ਆ ਰਿਹਾ ਹੈ ਪਰ ਪੂਰੀ ਤਰ੍ਹਾਂ ਸਫ਼ਲ ਨਹੀਂ ਹੋਇਆ। ਇਸ ਲਈ ਇਹ ਇਨ੍ਹਾਂ ਨੂੰ ਨਿਹਾਰਦਾ ਅਤੇ ਮਾਣਦਾ ਹੈ। ਅਜੇ ਵੀ ਕੁਦਰਤ ਦੀਆਂ ਬੇਅੰਤ ਰਚਨਾਵਾਂ ਹਨ ਜਿਨ੍ਹਾਂ ਨੂੰ ਦੇਖ ਕੇ ਅਚੰਭਾ ਹੁੰਦਾ ਹੈ। ਦੋ ਅਜਿਹੀਆਂ ਥਾਵਾਂ ਦਾ ਵਰਨਣ ਕੀਤਾ ਜਾ ਰਿਹਾ ਹੈ।

### ਮੀਲਾਂ ਲੰਬਾ ਸ਼ੀਸ਼ਾ–ਸਲਾਰ ਦ ਅਊਨੀ

ਦੱਖਣੀ ਅਮਰੀਕਾ ਵਿੱਚ ਬੋਲੀਵੀਆ ਦੇਸ਼ ਦੇ ਸੂਬੇ ਡੇਨੀਅਲ ਕੰਪੋਜ਼ ਵਿੱਚ ਪੋਟੋਸੀ ਸਥਾਨ 'ਤੇ 10582 ਵਰਗ ਕਿਲੋਮੀਟਰ ਘੇਰੇ ਵਿੱਚ ਫੈਲੀ ਇੱਕ ਅਜਿਹੀ ਖੁਸ਼ਕ ਝੀਲ ਹੈ ਜਿਸ ਦਾ ਧਰਾਤਲ ਲੂਣ ਦਾ ਬਣਿਆ ਹੋਇਆ ਹੈ। ਇਹ ਐਂਡੇਸ ਪਹਾੜ ਦੇ ਕਿਨਾਰੇ ਪਾਸ ਸਮੁੰਦਰੀ ਤੱਟ ਤੋਂ 3656 ਮੀਟਰ ਦੀ ਉਚਾਈ 'ਤੇ ਸਥਿਤ 130 ਮੀਟਰ ਡੂੰਘੀ ਝੀਲ ਹੈ। ਇਸ ਦੀ ਸਤਾਹ ਲੂਣ ਦੇ ਛੇਭੁਜੀ ਆਕਾਰ ਵਾਲੇ ਟੁਕੜਿਆਂ ਨਾਲ ਸਜੀ ਦਿਖਾਈ ਦਿੰਦੀ ਹੈ। ਇਸ ਦੀ ਕੁਝ ਮੀਟਰ ਮੋਟੀ ਠੋਸ ਧਰਾਤਲ ਦੇ ਥੱਲੇ ਸੋਡੀਅਮ ਕਲੋਰਾਈਡ (ਲੂਣ), ਮੈਗਨੀਸ਼ੀਅਮ ਕਲੋਰਾਈਡ, ਬੋਰੈਕਸ ਅਤੇ ਲਿਥੀਅਮ ਕਲੋਰਾਈਡ ਦਾ ਸੰਤ੍ਰਿਪਤ ਘੋਲ ਹੈ। ਇਸ ਪ੍ਰਕਾਰ ਇਹ ਝੀਲ ਲੂਣ ਅਤੇ ਬਹੁਮੁੱਲੀ ਧਾਤ ਲਿਥੀਅਮ ਦਾ ਅਮੁੱਕ ਸੋਮਾ ਹੈ।



ਜਦੋਂ ਮੀਂਹ ਪੈਂਦਾ ਹੈ ਤਾਂ ਇਸ ਦੀ ਸਮਤਲ ਧਰਾਤਲ ਸਾਫ਼ ਆਕਾਸ਼ ਵਿੱਚ ਇਕ ਵੱਡਆਕਾਰੀ ਦਰਪਣ ਦਾ ਰੂਪ ਧਾਰ ਲੈਂਦੀ ਹੈ। ਜਿਸ ਕਰਕੇ ਇਸ ਨੂੰ ਵਿਸ਼ਵ ਦਾ ਸਭ ਤੋਂ ਵਿਸ਼ਾਲ ਸ਼ੀਸ਼ਾ ਹੋਣ ਦਾ ਮਾਣ ਹਾਸਲ ਹੈ। ਇਸ ਵਿੱਚ ਆਕਾਸ਼ ਦਾ ਬਹੁਤ ਸਾਫ਼ ਪ੍ਰਤਿਬਿੰਬ ਦਿਖਾਈ ਦਿੰਦਾ ਹੈ। ਇਸ ਕਾਰਨ ਇਹ ਪ੍ਰਿਥਵੀ ਦੇ ਨਿਗਰਾਨ ਗ੍ਰਹਿਆਂ ਦੇ ਅਲਟੀਮੀਟਰਾਂ ਲਈ ਬਹੁਤ ਉਪਯੋਗੀ ਸਥਾਨ ਹੈ। ਅਮਰੀਕਾ ਦੀ ਪੁਲਾੜ ਏਜੰਸੀ, ਨਾਸਾ ਨੇ ਇੱਥੇ ਆਪਣਾ ਪ੍ਰਯੋਗੀ ਕੇਂਦਰ ਖੋਲ੍ਹਿਆ ਹੋਇਆ ਹੈ। ਇਹ ਝੀਲ ਬੋਲੀਵੀਅਨ ਪਠਾਰ ਦੇ ਆਰਪਾਰ ਢੋਢੁਆਈ ਦਾ ਮੁੱਖ ਰਾਸਤਾ ਹੈ। ਇੱਥ ਝੀਲ ਫਲਾਮਿੰਗੋ ਪੰਛੀਆਂ ਦੀਆਂ ਕਈ ਜਾਤੀਆਂ ਦਾ ਪੈਦਾਇਸ਼ੀ ਸਥਾਨ ਵੀ ਹੈ।

ਇੱਥੇ ਮੀਂਹ ਬਹੁਤ ਘੱਟ ਪੈਂਦਾ ਹੈ। ਬੱਦਲ ਤਾਂ ਆਉਂਦੇ ਹਨ ਪਰ ਉਹ ਬਰਸਣ ਤੋਂ ਪਹਿਲਾਂ ਹੀ ਬਰਫ਼ ਦੇ ਛੋਟੇ ਛੋਟੇ ਰਵਿਆਂ ਵਿੱਚ ਬਦਲ ਜਾਂਦੇ ਹਨ। ਇੱਥੇ ਕਦੇ ਕਤਾਂਈ ਹੀ ਮਾੜੀ ਮੋਟੀ ਬਾਰਸ਼ ਹੁੰਦੀ ਹੈ ਜਿਸ ਕਾਰਨ ਮੌਸਮ ਗਰਮ ਹੀ ਰਹਿੰਦਾ ਹੈ। ਇਸ ਵਿੱਚ ਜੀਵ ਜੰਤੂ ਅਤੇ ਬਨਸਪਤੀ ਨਾਮਾਤਰ ਹੀ ਹੈ। ਕੇਵਲ ਜੜੀਆਂ ਬੂਟੀਆਂ ਅਤੇ ਝਾੜੀਆਂ ਹੀ ਦਿਖਾਈ ਦਿੰਦੀਆਂ ਹਨ। ਇਸ ਝੀਲ ਵਿੱਚ ਟਾਪੂ ਵੀ ਹਨ ਜੋ ਹਜ਼ਾਰਾਂ ਸਾਲ ਪਹਿਲਾਂ ਜਵਾਲਾਮੁਖੀਆਂ ਨਾਲ ਬਣੀਆਂ ਪਹਾੜੀਆਂ ਦੀਆਂ ਚੋਟੀਆਂ ਹੀ ਹਨ।

ਸਲਾਰ ਦੇ ਆਊਨੀ ਬੋਲੀਵੀਅਨ ਪਠਾਰ ਦਾ ਹਿੱਸਾ ਹੈ ਜੋ ਹਜ਼ਾਰਾਂ ਸਾਲ ਪਹਿਲਾਂ ਐਡਸ ਪਹਾੜਾਂ ਦੇ ਬਣਨ ਸਮੇਂ ਹੋਂਦ ਵਿੱਚ ਆਇਆ ਸੀ। ਇਹ ਅਜਿਹੀ ਝੀਲ ਹੈ ਜਿਸ ਵਿੱਚੋਂ ਪਾਣੀ ਦੇ ਬਾਹਰ ਜਾਣ ਦਾ ਕੋਈ ਰਾਸਤਾ ਨਹੀਂ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਸੁੰਦਰ ਚਮਕਦਾਰ ਧਰਾਤਲ ਤੀਹ–ਚਾਲੀ ਹਜ਼ਾਰ ਸਾਲ ਪਹਿਲਾਂ ਕਈ ਝੀਲਾਂ ਦਾ ਪਾਣੀ ਵਾਸ਼ਪੀਕਰਨ ਨਾਲ ਉਡ ਜਾਣ ਦੇ ਨਤੀਜੇ ਵਜੋਂ ਬਣਿਆਂ ਹੈ। ਇਸ ਸਮੇਂ ਇਹ ਬੋਲੀਵੀਆ ਦੇਸ਼ ਲਈ ਕੀਮਤੀ ਧਾਤ ਲਿੱਥੀਅਮ ਦਾ ਮੁੱਖ ਸੋਮਾ ਹੈ ਜਿਸ ਵਿੱਚੋਂ ਸੰਸਾਰ ਦਾ 22% ਲਿਥੀਅਮ ਪ੍ਰਾਪਤ ਹੁੰਦਾ ਹੈ। ਇਸ ਝੀਲ ਵਿੱਚ 10 ਬਿਲੀਅਨ ਟੰਨ ਲੂਣ ਹੋਣ ਦਾ ਅੰਦਾਜ਼ਾ ਹੈ। ਇਨ੍ਹਾਂ ਕੀਮਤੀ ਖਣਿਜਾਂ ਨੂੰ ਕੱਢਣ ਲਈ ਕਈ ਅਮਰੀਕੀ ਕੰਪਨੀਆਂ ਨੇ ਇੱਥੇ ਆਪਣੇ ਡੇਰੇ ਜਮਾਏ ਹੋਏ ਸਨ ਪਰ ਹੁਣ ਸਥਾਨਕ ਲੋਕਾਂ ਦੇ ਵਿਰੋਧ ਕਾਰਨ ਸਰਕਾਰ ਨੇ ਇਨ੍ਹਾਂ 'ਤੇ ਪਾਬੰਦੀ ਲਾ ਦਿੱਤੀ ਹੈ। ਆਪਣੀ ਕੁਦਰਤੀ ਸੁੰਦਰਤਾ ਅਤੇ ਸਵੱਛ ਵਾਤਾਵਰਨ ਕਾਰਨ 'ਸਲਾਰ ਦੇ ਆਊਨੀ' ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹੈ।

### ਸਵਰਗ ਦਾ ਦਰਵਾਜ਼ਾ

ਚੀਨ ਦੇ ਹੂਨਾਨ ਸੂਬੇ ਵਿੱਚ ਜਿੰਗਜੂ ਸ਼ਹਿਰ ਦੇ ਨਜ਼ਦੀਕ ਤਿਆਮਨ ਪਰਬਤ ਦੇ ਸਿਖਰ ਇੱਕ ਅਜਿਹਾ ਝਰੋਖਾ ਹੈ ਜਿਸ ਨੂੰ 'ਸਵਰਗ ਦਾ ਦਰਵਾਜ਼ਾ' ਕਿਹਾ ਜਾਂਦਾ ਹੈ। ਇਸ ਦੇ ਪਾਰ ਉੱਚੇ ਪਹਾੜ, ਸੁੰਦਰ ਵਾਦੀਆਂ ਅਤੇ ਸੰਘਣੇ ਜੰਗਲ ਦਿਖਾਈ ਦਿੰਦੇ ਹਨ। ਚੀਨੀ ਲੋਕਾਂ ਦਾ ਵਿਸ਼ਵਾਸ ਹੈ ਕਿ ਇਹ 430 ਫੁੱਟ ਲੰਬੀ ਅਤੇ 190 ਫੁੱਟ ਚੌੜੀ ਗੁਫਾ ਇਸ ਨਾਸ਼ਵਾਨ ਸੰਸਾਰ ਅਤੇ ਸਵਰਗ ਦੇ ਵਿਚਕਾਰ ਦਰਵਾਜ਼ਾ ਹੈ। ਇਸ ਗੁਫਾ ਦਾ ਚੀਨੀ ਸੱਭਿਆਚਾਰ ਅਤੇ ਇਤਿਹਾਸ ਵਿੱਚ ਵਿਸ਼ੇਸ਼ ਸਥਾਨ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ ਝਰੋਖਾ ਲੱਖਾਂ ਸਾਲਾਂ ਦੌਰਾਨ ਕੁਦਰਤੀ ਘਟਨਾਵਾਂ ਕਾਰਨ ਚੂਨੇ ਦੀ ਇੱਕ ਪਹਾੜੀ ਦੇ ਖੁਰ ਜਾਣ ਨਾਲ ਬਣਿਆਂ ਹੈ ਜਦੋਂ ਕਿ ਧਾਰਮਿਕ ਲੋਕ ਇਸ ਨੂੰ ਕਾਦਰ ਦਾ



ਬਾਕੀ ਸਫ਼ਾ 22 'ਤੇ.......

# ਵਗਦੇ ਪਾਣੀਆਂ ਜਿਹੀ ਹੋਵੇ ਜ਼ਿੰਦਗੀ

ਗੁਰਬਿੰਦਰ ਸਿੰਘ ਮਾਣਕ
ਲੁਧਿਆਣਾ



ਵਗਦੇ ਪਾਣੀਆਂ ਦੀ ਨਿਰਮਲ ਧਾਰਾ, ਦਿਲ ਨੂੰ ਮੋਹ ਲੈਣ ਵਾਲੀ ਆਪਰ ਸੁੰਦਰਤਾ ਤੇ ਰਵਾਨੀ ਮਨਾਂ ਨੂੰ ਇਸ ਕਦਰ ਸਰਸ਼ਾਰ ਕਰਦੀ ਹੈ ਕਿ ਕੁਦਰਤ ਦੀ ਇਸ ਅਣਮੁੱਲੀ ਦਾਤ ਅੱਗੇ ਸਿਜਦਾ ਕਰਨ ਨੂੰ ਮਨ ਕਰਦਾ ਹੈ। ਝੀਲਾਂ, ਨਦੀਆਂ, ਮਹਾਂਸਾਗਰਾਂ ਵਿੱਚ ਉੱਠਦੀਆਂ ਪਾਣੀ ਦੀਆਂ ਲਹਿਰਾਂ ਨਾਲ ਇੱਕ ਅਦਭੁੱਤ ਸੁਰ-ਸੰਗੀਤ ਨਾਲ ਮਨ ਨੂੰ ਜਿਹੜਾ ਖੇੜਾ ਮਿਲਦਾ ਹੈ, ਉਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ, ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ। ਧਰਤੀ 'ਤੇ ਵਸੇ ਪ੍ਰਾਣੀਆਂ, ਪਸ਼ੂਆਂ, ਪਰਿੰਦਿਆਂ, ਅਸੰਖ ਜੀਵ-ਜੰਤੂਆਂ, ਝੂਮਦੀਆਂ ਫਸਲਾਂ ਤੇ ਬਿਰਖ-ਬੂਟਿਆਂ ਵਿੱਚ ਪਾਣੀ ਦੀ ਬਦੌਲਤ ਹੀ ਜ਼ਿੰਦਗੀ ਧੜਕਦੀ ਹੈ। ਪਾਣੀ ਦੀਆਂ ਬੂੰਦਾਂ ਵਿੱਚ ਛੁਪੀ ਹੋਈ ਹੈ ਜੀਵਨ ਦੀ ਨਿਰੰਤਰ ਚੱਲਦੀ ਤੋਰ। ਸਦੀਆਂ ਪਹਿਲਾਂ ਵੀ ਇਸ ਧਰਤੀ ਦੇ ਬਸ਼ਿੰਦੇ ਜ਼ਿੰਦਗੀ ਦੀ ਤੋਰ ਨੂੰ ਚਲਦਾ ਰੱਖਣ ਲਈ ਵਗਦੇ ਪਾਣੀਆਂ ਦੇ ਕੰਢਿਆਂ ਸੰਗ ਹੀ ਦੋਸਤੀਆਂ ਗੰਢਦੇ ਆਏ ਹਨ।

ਇਹ ਪਾਣੀ ਕੇਵਲ ਉਨ੍ਹਾਂ ਦੀ ਪਿਆਸ ਹੀ ਨਹੀਂ ਬੁਝਾਉਂਦੇ ਸਨ, ਸਗੋਂ ਇਨ੍ਹਾਂ ਦਾ ਨਿਰੰਤਰ ਪ੍ਰਵਾਹ, ਮਨੁੱਖ ਨੂੰ ਅਗੇਰੇ ਤੇ ਹੋਰ ਅਗੇਰੇ ਵਧਣ ਲਈ ਵੀ ਪ੍ਰੇਰਿਤ ਕਰਦਾ ਸੀ। ਵਗਦਾ ਪਾਣੀ ਧਰਤੀ 'ਤੇ ਜੀਵਨ ਦੀ ਧਾਰਾ ਨੂੰ ਨਿਰੰਤਰ ਵਗਦੇ ਰੱਖਣ ਦਾ ਪ੍ਰਤੀਕ ਹੈ। ਜਿਨ੍ਹਾਂ ਨੇ ਫ਼ਸਲਾਂ ਨੂੰ ਸਿੰਜਦਿਆਂ ਆੜ ਵਿੱਚ ਵਗਦਾ ਪਾਣੀ ਤੱਕਿਆ ਹੈ, ਉਹ ਜਾਣਦੇ ਹਨ ਕਿ ਕਿਵੇਂ ਇਹ ਜਲਧਾਰਾ ਫ਼ਸਲਾਂ ਲਈ ਜੀਵਨ-ਦਾਨ ਬਣਦੀ ਹੈ।

ਵਗਦੇ ਪਾਣੀ ਤਾਂ ਕੁਦਰਤ ਵਲੋਂ ਲਿਖੀ ਸੁਹਜਮਈ ਕਵਿਤਾ ਦੀ ਨਿਆਈਂ ਹਨ। ਜਿਵੇਂ ਖੜ੍ਹਾ ਪਾਣੀ ਬੁਸ ਜਾਂਦਾ ਹੈ ਤੇ ਬਦਬੂ ਮਾਰਨ ਲਗਦਾ ਹੈ, ਬਿਲਕੁਲ ਇਸੇ ਤਰ੍ਹਾਂ ਹੀ ਜੇ ਜ਼ਿੰਦਗੀ ਰੂਪੀ ਵਗਦੇ ਪਾਣੀਆਂ 'ਚ ਵੀ ਕੋਈ ਹਲਚਲ ਨਾ ਰਹੇ ਤਾਂ ਇਹ ਵੀ ਬੁਸੇ ਤੇ ਗੰਦਗੀ ਭਰੇ ਪਾਣੀਆਂ ਵਰਗੀ ਹੋ ਜਾਂਦੀ ਹੈ। ਆਪਣੇ ਮਨ ਦੀਆਂ ਇੱਛਾਵਾਂ ਤੇ ਖੁਸ਼ੀਆਂਬ ਾਰੇ ਹੀ ਸੋਚੀ ਜਾਣਾ ਤੇ ਉਨ੍ਹਾਂ ਨੂੰ ਹਰ ਹੀਲੇ ਪੂਰਾ ਕਰਨ ਦੀ ਲ਼ਾਲਸਾ ਵਿੱਚ ਭਟਕਦੇ ਰਹਿਣਾ ਹੀ ਜੀਵਨ ਨਹੀਂ ਹੈ। ਮਨੁੱਖ ਧਰਤੀ 'ਤੇ ਖਾਣ ਤੇ ਜੀਵਨ ਦੇ ਦਿਨ ਕੱਟਣ ਹੀ ਨਹੀਂ ਆਉਂਦਾ। ਇਹ ਜ਼ਿੰਦਗੀ ਮਾਨਣਯੋਗ, ਅਰਥਭਰਪੂਰ ਤੇ ਸਾਰਥਿਕ ਤਾਂ ਹੀ ਬਣਦੀ ਹੈ, ਜੇ ਮਨੁੱਖ ਆਪਣੀ ਸੂਝ ਤੇ ਆਪਣੇ ਅੰਦਰਲੇ ਹੁਨਰ ਦੀ ਥਾਹ ਪਾ ਕੇ ਕਿਸੇ ਸਰਗਰਮੀ ਦੇ ਰਾਹ ਤੁਰਿਆ ਰਹੇ।

ਸਮਾਜ ਵਿੱਚ ਕੁੱਝ ਲੋਕ ਸਿਰਫ਼ ਆਪਣੇ ਲਈ ਹੀ ਜਿਉਂਦੇ ਹਨ ਤੇ ਕੁੱਝ ਲੋਕ ਆਪਣੇ ਪਰਿਵਾਰ ਤੱਕ ਹੀ ਸੀਮਤ ਹਨ। ਪਰ ਕੁੱਝ ਗਿਣਤੀ ਅਜਿਹੇ ਸੁਹਿਰਦ ਇਨਸਾਨਾਂ ਦੀ ਵੀ ਹੈ ਜਿਹੜੇ ਆਪਣੇ ਲਈ ਨਹੀਂ, ਸਗੋਂ ਦੂਜਿਆਂ ਲਈ ਜਿਉਂਦੇ ਹਨ। ਉਨ੍ਹਾਂ ਲਈ ਜੀਵਨ ਦਾ ਮਕਸਦ ਹਰ ਹੀਲੇ ਮਾਨਵਤਾ ਦੀ ਸੇਵਾ ਦੇ ਰਾਹ 'ਤੇ ਤੁਰਨਾ ਹੁੰਦਾ ਹੈ। ਉਹ ਹਮੇਸ਼ਾਂ ਕੁੱਝ ਅਜਿਹਾ ਕਰਨਾ ਲੋਚਦੇ ਹਨ, ਜਿਸ ਨਾਲ ਦੂਜਿਆਂ ਦਾ ਭਲਾ ਹੁੰਦਾ ਹੋਵੇ। ਕਿੰਨੀ ਉੱਚੀ ਤੇ ਸੁੱਚੀ ਹੈ ਖ਼ੂਨਦਾਨ ਦੀ ਭਾਵਨਾ। ਕਿਸੇ ਇਨਸਾਨ ਵਿੱਚ ਜੀਵਨ-ਰੌਂਅ ਵਜੋਂ ਵਹਿੰਦੇ ਖ਼ੂਨ ਦੀ ਜੇ ਕਮੀ ਆ ਜਾਵੇ ਤਾਂ ਜਾਨ ਖ਼ਤਰੇ 'ਚ ਪੈ ਜਾਂਦੀ ਹੈ। ਪਰ ਕਿਸੇ ਜਾਗਰੂਕ ਮਨੁੱਖ ਵਲੋਂ ਦਿੱਤਾ ਖ਼ੂਨ ਪੀੜਤ ਲਈ ਜੀਵਨ-ਦਾਨ ਬਣ ਜਾਂਦਾ ਹੈ। ਅਜਿਹੇ ਲੋਕ ਸਮਾਜ ਲਈ ਚਾਚਣ-ਮੁਨਾਰੇ ਹੁੰਦੇ ਹਨ।

ਬਿਨਾਂ ਕਿਸੇ ਸਰਗਰਮੀ ਜਾਂ ਮਕਸਦ ਦੇ ਜੀਵਨ ਗੁਜ਼ਾਰਨਾ, ਨਿਰੰਤਰ ਵਗਦੀ ਜੀਵਨ-ਰੌਂਅ ਨੂੰ ਬੰਨ੍ਹ ਮਾਰਨ ਦੇ ਸਮਾਨ ਹੈ। ਜੇ ਤੁਹਾਡੀ ਗ਼ਲੀ ਵਿੱਚ ਕੂੜਾ ਖਿਲਰਿਆ ਰਹਿੰਦਾ ਹੈ, ਨਾਲੀਆਂ 'ਚ ਪਾਣੀ ਦੀ ਨਿਕਾਸੀ ਨਹੀਂ ਹੋ ਰਹੀ ਤੇ ਗੰਦਗੀ ਫੈਲੀ ਹੋਈ ਹੈ, ਜੇ ਟੂਟੀ 'ਚੋਂ ਪਾਣੀ ਵਗਦਾ ਰਹਿੰਦਾ ਹੈ ਤੇ ਹਰ ਪਾਸੇ ਚਿੱਕੜ ਹੈ, ਜੇ ਤੁਹਾਡਾ ਕੰਮ ਰਿਸ਼ਵਤ ਤੋਂ ਬਿਨਾਂ ਨਹੀਂ ਹੁੰਦਾ ਤੇ ਤੁਸੀਂ ਚੁੱਪ ਹੋ, ਜੇ ਤੁਹਾਡੇ ਪਿੰਡ/ਮੁਹੱਲੇ/ਸ਼ਹਿਰ ਵਿੱਚ ਨਸ਼ੇ ਦੇ ਵਪਾਰੀ ਨੌਜਵਾਨਾਂ ਨੂੰ ਬਰਬਾਦ ਕਰ ਰਹੇ ਹਨ, ਜੇ ਕੋਈ ਬਿਮਾਰ ਇਲਾਜ ਕਰਾਉਣ ਤੋਂ ਅਸਮਰਥ ਹੈ , ਜੇ ਕੋਈ ਆਪਣੇ ਪੜ੍ਹ ਰਹੇ ਬੱਚੇ ਦੀ ਫ਼ੀਸ ਦੇਣ ਤੋਂ ਔਖਾ ਹੈ, ਜੇ ਕੋਈ ਮਾਪੇ ਮਾੜੀ ਹਾਲਤ ਕਾਰਨ ਧੀ ਦੇ ਹੱਥ ਪੀਲੇ ਕਰਨ ਤੋਂ ਦੁੱਖੀ ਹਨ ਤਾਂ ਤੁਹਾਡਾ ਖਾਮੋਸ਼ ਰਹਿਣਾ ਤੇ ਮੂੰਹ ਫੇਰ ਲੈਣਾ ਦੁਖਦਾਈ ਤਾਂ ਹੈ ਹੀ, ਤੁਸੀਂ ਖ਼ੁਦ ਨੂੰ ਆਪਣੀ ਜ਼ਮੀਰ ਅੱਗੇ ਵੀ ਹੀਣਾ ਮਹਿਸੂਸ ਕਰੋਗੇ।

ਸਾਡੇ ਸਮਾਜ ਦੀਆਂ ਕੁੱਝ ਸਮੱਸਿਆਵਾਂ ਕੇਵਲ ਇਸ ਕਾਰਨ ਹੀ ਹਨ ਕਿ ਅਸੀਂ ਉਨ੍ਹਾਂ ਨੂੰ ਹੱਲ ਕਰਨ ਲਈ ਆਪਣੇ ਹਿੱਸੇ ਦੀ ਜ਼ਿੰਮੇਵਾਰੀ ਤੋਂ ਮੁਨਕਰ ਹੋ ਗਏ ਹਾਂ। ਜੇ ਸਮਾਜ ਵਿੱਚ ਕੋਈ ਅਜਿਹਾ ਪ੍ਰੇਰਨਾ ਸਰੋਤ ਹੋਵੇ ਵੀ ਤਾਂ ਅਸੀਂ ਉਸ ਦੀਆਂ ਗੱਲਾਂ ਵੱਲ ਘੱਟ ਹੀ ਧਿਆਨ ਦਿੰਦੇ ਹਾਂ। ਕਈ ਸੰਸਥਾਵਾਂ ਰੁੱਖ ਲਾਉਣ ਤੇ ਵਾਤਾਵਰਨ ਦੀ ਸੰਭਾਲ 'ਚ ਲੱਗੀਆਂ ਹੋਈਆਂ ਹਨ, ਜੋ ਲੋਕਾਈ ਨੂੰ ਚੇਤੰਨ ਕਰ ਕੇ ਸਮਾਜ ਨੂੰ ਵੱਡੀ ਦੇਣ ਦੇ ਰਹੀਆਂ ਹਨ। ਅਜਿਹੀਆਂ ਸ਼ਖ਼ਸੀਅਤਾਂ ਦੇ ਮਹਾਨ ਕਾਰਜਾਂ ਅੱਗੇ ਸਿਰ ਝੁਕਦਾ ਹੈ। ਜੇ ਸਾਰਾ ਸਮਾਜ ਹੀ ਰੁਖਾਂ, ਕੁੱਖਾਂ, ਪਾਣੀ, ਧਰਤੀ ਤੇ ਵਾਤਾਵਰਨ ਨੂੰ ਬਚਾਉਣ 'ਚ ਬਣਦਾ ਯੋਗਦਾਨ ਪਾਵੇ ਤਾਂ ਅਨੇਕਾਂ ਸਮੱਸਿਆਵਾਂ ਤੋਂ ਨਿਜਾਤ ਪਾਈ ਜਾ ਸਕਦੀ ਹੈ।

ਕੇਵਲ ਘਰ ਤੋਂ ਕੰਮ ਅਤੇ ਕੰਮ ਤੋਂ ਘਰ ਤੱਕ ਸਫ਼ਰ ਹੀ ਜ਼ਿੰਦਗੀ ਨਹੀਂ ਹੁੰਦਾ। ਇਸ ਵਿੱਚ ਕੁੱਝ ਤਾਜ਼ਗੀ, ਨਵੀਆਂ

ਨਰੋਈਆਂ ਸੋਚਾਂ, ਨਵੀਆਂ ਉਮੰਗਾਂ ਤੇ ਮਨ ਨੂੰ ਸਕੂਨ ਦੇਣ ਵਾਲਾ ਕੋਈ ਸਾਰਥਿਕ ਯਤਨ ਹੋਵੇ ਤਾਂ ਜੀਵਨ-ਰੂਪੀ ਗੱਡੀ ਦਾ ਸਫ਼ਰ ਵੀ ਸੁਹਾਵਣਾ ਤੇ ਮੁੱਲਵਾਨ ਲੱਗਣ ਲਗਦਾ ਹੈ। ਆਪਣੀ ਕਮਾਈ 'ਚੋਂ ਦਾਨ ਦੀ ਦਿਸ਼ਾ ਬਦਲ ਕੇ ਜੇ ਲੋੜਵੰਦਾਂ ਦੇ ਦੁੱਖਾਂ-ਦਰਦਾਂ ਨੂੰ ਘਟਾਉਣ ਦੀ ਸਮਾਜ ਵਲੋਂ ਪਿਰਤ ਪਾਈ ਜਾਵੇ ਤਾਂ ਰੱਬ ਖੁਸ਼ ਹੋਵੇਗਾ। ਇਸ ਤਰ੍ਹਾਂ ਜ਼ਿੰਦਗੀ ਦੇ ਨਿੱਕੇ-ਨਿੱਕੇ ਚਾਅ ਜੀਵਨ ਨੂੰ ਬੋਝ ਨਹੀਂ ਬਣਨ ਦਿੰਦੇ।

ਪੰਜਾਬੀ ਸ਼ਾਇਰ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ, 'ਵਗਦੇ ਪਾਣੀ' ਵੀ ਮਾਨਵੀ ਜ਼ਿੰਦਗੀ ਪ੍ਰਤਿ ਇਹੀ ਸੰਦੇਸ਼ ਦਿੰਦੀ ਹੈ,

' ਪਾਣੀ ਵਗਦੇ ਹੀ ਰਹਿਣ, ਕਿ ਵਗਦੇ ਸੁੰਹਦੇ ਨੇ, ਖੜੋਂਦੇ ਬੁਸਦੇ ਨੇ, ਕਿ ਪਾਣੀ ਵਗਦੇ ਹੀ ਰਹਿਣ'।

ਜੇ ਜ਼ਿੰਦਗੀ ਰੂਪੀ ਪਾਣੀ ਵੀ ਨਿਰੰਤਰ ਵਹਿੰਦੇ ਰਹਿਣ ਤਾਂ ਜ਼ਿੰਦਗੀ ਜਿਊਣ ਦਾ ਅਮਲ ਸਾਰਥਿਕ ਹੋ ਨਿਬੜਦਾ ਹੈ।

ਫੋਨ-9815356086

❋ ❋ ❋ ❋ ❋

## ਸ਼ਰਧਾਂਜਲੀ

ਸੈਣੀ ਭਵਨ ਰੂਪਨਗਰ ਦੇ ਸਮੂਹ ਪ੍ਰਬੰਧਕੀ ਮੈਂਬਰ, 12 ਮਈ, 2025 ਨੂੰ ਵਾਪਰੇ ਹਵਾਈ ਹਾਦਸੇ ਵਿੱਚ ਆਪਣੀਆਂ ਕੀਮਤੀ ਜਾਨਾਂ ਗੁਆਉਣ ਵਾਲੇ 270 ਵਿਅਕਤੀਆਂ ਪ੍ਰਤਿ ਹਮਦਰਦੀ ਦਾ ਪ੍ਰਗਟਾਵਾ ਕਰਦੇ ਹਨ। ਅਹਿਮਦਾਬਾਦ ਤੋਂ ਲੰਡਨ ਜਾਣ ਵਾਲੇ ਏਅਰ ਇੰਡੀਆ ਦੇ ਇਸ ਬੋਇੰਗ-787 ਡਰੀਮਲਾਈਨਰ ਜਹਾਜ਼ ਨੇ 230 ਮੁਸਾਫ਼ਰਾਂ ਅਤੇ ਚਾਲਕ ਦਲ ਦੇ 12 ਮੈਂਬਰਾਂ ਨਾਲ ਦਿਨ ਦੇ 1.30 ਵਜੇ ਦੇ ਕਰੀਬ, ਹਵਾਈ ਅੱਡੇ ਤੋਂ ਉੜਾਨ ਭਰੀ ਪਰ 30 ਸਕਿੰਟਾਂ ਬਾਅਦ ਹੀ ਇਹ ਆਸਮਾਨ ਵਿੱਚ ਪਰਵਾਜ਼ ਭਰਨ ਦੀ ਥਾਂ ਜ਼ੋਰਦਾਰ ਧਮਾਕੇ ਨਾਲ ਨੇੜੇ ਹੀ ਸਥਿਤ ਬੀ.ਜੇ.ਮੈਡੀਕਲ ਕਾਲਜ ਦੇ ਹੋਸਟਲ ਦੀ ਮੈੱਸ ਦੀ ਇਮਾਰਤ 'ਤੇ ਡਿਗ ਪਿਆ। ਪਲਾਂ ਵਿੱਚ ਹੀ ਸਾਰੀਆਂ ਜਾਨਾਂ ਧੂੰਏਂ ਦੇ ਗੁਬਾਰ ਵਿੱਚ ਸਮਾ ਗਈਆਂ। ਮਰਨ ਵਾਲਿਆਂ ਵਿੱਚ ਮੈਡੀਕਲ ਕਾਲਜ ਦੇ ਵਿਦਿਆਰਥੀ ਅਤੇ ਮੁਲਾਜ਼ਮ ਵੀ ਸ਼ਾਮਿਲ ਹਨ। ਹੋਰ ਤਾਂ ਹੋਰ ਹੋਸਟਲ ਦੇ ਬਾਹਰ ਖੋਖੇ ਵਿੱਚ ਚਾਹ ਬਣਾਉਣ ਵਾਲਾ ਇਕ 14 ਸਾਲਾਂ ਦਾ ਲੜਕਾ ਵੀ ਇਸ ਹਾਦਸੇ ਦਾ ਸ਼ਿਕਾਰ ਹੋ ਗਿਆ। ਇਸ ਖੌਫ਼ਨਾਕ ਹਾਦਸੇ ਵਿੱਚੋਂ ਕੇਵਲ ਇੱਕ ਮੁਸਾਫ਼ਰ, ਵਿਸ਼ਵਾਸ ਕੁਮਾਰ ਰਮੇਸ਼ ਹੀ ਬਚ ਸਕਿਆ। ਇਸ ਹਾਦਸੇ ਦੇ ਕਾਰਨਾਂ ਦੀ ਪੜਤਾਲ ਅਜੇ ਹੋਣੀ ਬਾਕੀ ਹੈ ਪਰ ਇਸ ਨਾਲ ਹੋਏ ਜਾਨੀ ਅਤੇ ਮਾਲੀ ਨੁਕਸਾਨ ਨੇ ਪੂਰੇ ਦੇਸ਼ ਅਤੇ ਮਨੁੱਖਤਾ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਸਬੰਧੀ ਲੋਕਾਂ ਦੇ ਮਨਾਂ ਵਿੱਚ ਅਨੇਕਾਂ ਸਵਾਲ ਉੱਠ ਰਹੇ ਹਨ ਜਿਨ੍ਹਾਂ ਦਾ ਜਵਾਬ ਸਰਕਾਰ ਅਤੇ ਜਹਾਜ਼ ਦੇ ਪ੍ਰਬੰਧਕਾਂ ਨੂੰ ਦੇਣਾ ਜ਼ਰੂਰੀ ਹੈ ਤਾਂ ਜੋ ਅਜਿਹੀਆਂ ਦੁਰਘਟਨਾਵਾਂ ਨੂੰ ਭਵਿੱਖ ਵਿੱਚ ਵਾਪਰਨ ਤੋਂ ਰੋਕਿਆ ਜਾ ਸਕੇ।

...ਸਫ਼ਾ 20 ਦੀ ਬਾਕੀ

ਕ੍ਰਿਸ਼ਮਾ ਮੰਨਦੇ ਹਨ।

ਸੰਨ 2005 ਵਿੱਚ ਫਰਾਂਸ ਦੀ ਕੰਪਨੀ ਨੇ ਜਿੰਗਜ਼ੂ ਰੇਲਵੇ ਸਟੇਸ਼ਨ ਤੋਂ 1279 ਮੀਟਰ ਦੀ ਉਚਾਈ 'ਤੇ ਪਹਾੜ ਦੀ ਚੋਟੀ ਤੱਕ ਇੱਕ 7455 ਮੀਟਰ ਲੰਬੀ ਕੇਬਲ ਕਾਰ ਬਣਾਈ ਸੀ ਜੋ ਪਹਾੜੀ ਖੇਤਰ ਵਿੱਚ ਵਿਸ਼ਵ ਦੀ ਸਭ ਤੋਂ ਲੰਬੀ ਕੇਬਲਵੇਅ ਹੈ। ਇਸ ਦੀਆਂ 98 ਕਾਰਾਂ ਹਨ। ਇਸ ਪਹਾੜੀ ਦੀ ਚੋਟੀ 'ਤੇ ਯਾਤਰੂਆਂ ਦੇ ਸੈਰ ਸਪਾਟੇ ਲਈ ਕਈ ਰਸਤੇ ਬਣਾਏ ਹੋਏ ਹਨ ਜਿਨ੍ਹਾਂ ਵਿੱਚੋਂ ਕੁੱਝ ਦਾ ਫਰਸ਼ ਸ਼ੀਸ਼ੇ ਦਾ ਹੈ। ਪਹਾੜ ਦੁਆਲੇ ਬਣਾਏ ਇਨ੍ਹਾਂ ਮਨਮੋਹਕ ਪਰ ਖਤਰਨਾਕ ਰਾਹਾਂ'ਤੇ ਚੱਲਣ ਲਈ ਸਖਤ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ। ਇੱਥੋਂ ਥੱਲੇ ਵੱਲ ਪਹਾੜੀ ਦੇ ਪੈਰਾਂ ਤੱਕ ਕੋਈ ਵੱਡੇ ਦਿਲ ਵਾਲਾ ਯਾਤਰੂ ਹੀ ਦੇਖ ਸਕਦਾ ਹੈ।

ਪਹਾੜ ਦੀ ਚੋਟੀ ਤੱਕ ਜਾਣ ਲਈ 11 ਕਿਲੋਮੀਟਰ ਲੰਬੀ ਸੜਕ ਵੀ ਹੈ ਜਿਸ ਦੇ 99 ਮੋੜ ਹਨ। ਅੱਗੇ ਤਿਆਮਾਨ ਗੁਫਾ ਤੱਕ ਜਾਣ ਲਈ 999 ਪੌੜਿਆਂ ਵਾਲੀ ਪੌੜੀ ਹੈ ਜਿਸ ਨੂੰ 'ਸਵਰਗ ਦੀ ਪੌੜੀ' ਕਿਹਾ ਜਾਂਦਾ ਹੈ। ਇਸ ਦੇ ਪਾਸ ਹੀ ਤਿਆਮੈਨਸ਼ਨ ਮੰਦਰ ਬਣਿਆਂ ਹੋਇਆ ਹੈ ਜਿੱਥੇ ਕਿ ਪੈਦਲ ਹੀ ਜਾਇਆ ਜਾਂਦਾ ਹੈ। ਇਹ ਮੰਦਰ ਸਭ ਤੋਂ ਪਹਿਲਾਂ ਤਾਂਗ ਰਾਜ ਘਰਾਣੇ ਦੇ ਰਾਜੇ ਨੇ ਬਣਵਾਇਆ ਸੀ ਜੋ 20ਵੀਂ ਸਦੀ ਦੇ ਆਰੰਭ ਵਿੱਚ ਨਸ਼ਟ ਕਰ ਦਿੱਤਾ ਗਿਆ ਸੀ। ਫਿਰ 1949 ਵਿੱਚ ਪਹਿਲੇ ਨਕਸ਼ੇ ਅਨੁਸਾਰ ਹੀ 5 ਏਕੜ ਥਾਂ 'ਤੇ ਮੁੜ ਇਸ ਦੀ ਉਸਾਰੀ ਕਰਵਾਈ ਗਈ।

ਇਹ ਗੁਫਾ ਸੈਲਾਨੀਆਂ ਅਤੇ ਖੋਜੀਆਂ ਲਈ ਖਿੱਚ ਦਾ ਸਥਾਨ ਹੈ। ਸੰਨ 2007 ਵਿੱਚ ਅਲੈਨ ਰਾਬਰਟ ਨੇ ਇਕੱਲਿਆਂ ਹੀ ਇਸ ਗੁਫਾ ਤੱਕ ਪਹੁੰਚਣ ਵਿੱਚ ਸਫ਼ਲਤਾ ਹਾਸਲ ਕੀਤੀ ਸੀ। ਇਹ ਸਥਾਨ ਪਹਾੜੀ ਖੇਡਾਂ ਦੇ ਖਿਡਾਰੀਆਂ ਲਈ ਬਹੁਤ ਰੌਚਿਕ ਅਤੇ ਮਨਪਸੰਦ ਹੈ। ਵਰਲਡ ਵਿੰਗਸ਼ੂਟ ਲੀਗ ਨੇ ਇੱਥੇ ਪਹਿਲਾ ਤੇ ਦੂਜਾ ਵਰਲਡ ਵਿੰਗਸ਼ੂਟ ਮੁਕਾਬਲਾ ਕਰਵਾਇਆ ਸੀ। ਸੰਨ 2013 ਵਿੱਚ ਵਿੰਗਸ਼ੂਟ ਦੀ ਸਿਖਲਾਈ ਦੌਰਾਨ ਇੱਥੇ ਖਿਡਾਰੀ ਵਿਕਟਰ ਕੋਵੈਟਸ ਦੀ ਮੌਤ ਹੋ ਗਈ ਸੀ ਕਿਉਂਕਿ ਛਲਾਂਗ ਸਮੇਂ ਉਸ ਦਾ ਪੈਰਾਸ਼ੂਟ ਨਹੀਂ ਸੀ ਖੁਲ੍ਹਿਆ। ਸੰਨ 2016 ਵਿੱਚ ਇਟਲੀ ਦੇ ਫੈਬੀਓ ਬਾਰੋਨੇ ਨੇ ਆਪਣੀ ਕਾਰ ਵਿੱਚ 11 ਕਿਲੋਮੀਟਰ ਸਫਰ 10 ਮਿੰਟ ਤੇ 31 ਸੈਕਿੰਟ ਵਿੱਚ ਤੈਅ ਕਰ ਕੇ ਵਿਸ਼ਵ ਰਿਕਾਰਡ ਬਣਾਇਆ ਸੀ। ਸੰਨ 2023 ਵਿੱਚ ਸਕਾਈਵਾਕ ਦੌਰਾਨ ਚਾਰ ਖਿਡਾਰੀਆਂ ਨੇ ਪਹਾੜ ਤੋਂ ਛਾਲ ਮਾਰ ਕੇ ਖੁਸਕੁਸ਼ੀ ਕਰ ਲਈ ਸੀ।

ਇਨ੍ਹਾਂ ਦੁਰਘਟਨਾਵਾਂ ਦੇ ਬਾਵਜੂਦ ਸੈਰ ਸਪਾਟੇ ਦੇ ਸ਼ੌਕੀਨ ਲੋਕਾਂ ਲਈ ਇਹ ਬਹੁਤ ਹੀ ਮਨਪਸੰਦ ਸਥਾਨ ਹੈ। ਇੱਥੇ ਆ ਕੇ ਮਨੁੱਖ ਕੁਦਰਤ ਦੀ ਵਿਸ਼ਾਲਤਾ ਅਤੇ ਕਾਰੀਗਰੀ ਦੇ ਦਰਸ਼ਨ ਕਰਦਿਆਂ ਕਹਿ ਉਠਦਾ ਹੈ 'ਹੇ ਕਾਦਰ ਤੇਰੀ ਬੁੱਧੀਮਤਾ ਤੇ ਸ਼ਕਤੀ ਦਾ ਕੋਈ ਅੰਤ ਨਹੀਂ। ਤੂੰ ਬੇਅੰਤ ਤੇ ਅਪਾਰ ਹੈਂ'।



ਮਨੁੱਖੀ ਜੀਵਨ ਦੇ ਗੁੱਝੇ ਭੇਦ

# ਭਟਕਣਾ

ਅਮਰੀਕ ਹਮਰਾਜ਼
ਪਿੰਡ ਬਾਗਵਾਈ, ਜ਼ਿਲ੍ਹਾ ਹੁਸ਼ਿਆਰਪੁਰ

(ਲੇਖਕ, ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬਾ ਗੜ੍ਹਸ਼ੰਕਰ ਪਾਸ ਪਿੰਡ ਬਗਵਾਈਂ ਦਾ ਵਸਨੀਕ ਸੈਣੀ ਬਰਾਦਰੀ ਦਾ ਸਰਬਾਂਗੀ ਸਾਹਿਤਕਾਰ ਹੈ। ਉਸ ਨੇ ਕਵਿਤਾ, ਲੇਖਾਂ, ਸੰਪਾਦਨਾ ਅਤੇ ਅਨੁਵਾਦ ਦੀਆਂ ਛੇ ਪੁਸਤਕਾਂ ਪੰਜਾਬੀ ਬੋਲੀ ਦੀ ਝੋਲੀ ਪਈਆਂ ਹਨ। ਉਹ ਲੋਕਾਂ ਨਾਲ ਨੇੜਿਓਂ ਜੁੜਿਆ ਸਾਹਿਤਕਾਰ ਹੈ। ਹੁਣੇ ਪ੍ਰਕਾਸ਼ਿਤ ਉਸ ਦੀ ਪੁਸਤਕ, "ਗੂੰਗਾ ਸਾਜ਼" ਉਸ ਦੇ ਸਵੈਅਨੁਭਵ ਅਤੇ ਸੰਵੇਦਨਸ਼ੀਲ ਮਨ ਦੇ ਪ੍ਰਗਟਾਵੇ ਦੇ ਲੇਖਾਂ ਦਾ ਸੰਗ੍ਰਿਹ ਹੈ। ਅਦਾਰਾ, ਸੈਣੀ ਸੰਸਾਰ ਇਸ ਵਿੱਚੋਂ ਇੱਕ ਲੇਖ, 'ਭਟਕਣਾ' ਛਾਪਣ ਵਿੱਚ ਖੁਸ਼ੀ ਮਹਿਸੂਸ ਕਰਦਾ ਹੈ।)

ਜੁਗਾਂ-ਜੁਗਾਂਤਰਾਂ ਤੋਂ ਮਨੁੱਖ ਦੇ ਦਿਲ ਦਿਮਾਗ ਉੱਤੇ ਇੱਕ ਹੀ ਖਿਆਲ ਭਾਰੂ ਰਿਹਾ ਹੈ ਕਿ ਰੱਬ ਕੀ ਹੈ? ਇਹ ਕਿਵੇਂ ਮਿਲਦਾ ਹੈ? ਆਦਿ। ਭਾਵੇਂ ਕਈ ਲੋਕਾਂ ਨੇ ਇਹ ਕਿਹਾ ਹੈ ਕਿ ਉਨ੍ਹਾਂ ਨੇ ਰੱਬ ਨੂੰ ਪਾ ਲਿਆ ਹੈ, ਉਸ ਨੂੰ ਦੇਖਿਆ ਹੈ। ਪਰ ਉਹ ਵੀ ਰੱਬ ਦੀ ਵਿਆਖਿਆ ਕਰਨ ਵਿੱਚ ਅਸਮਰੱਥ ਰਹੇ ਹਨ।

ਅਨੇਕਾਂ ਧਰਤੀ ਦੇ ਬਾਸ਼ਿੰਦੇ ਰੱਬ ਨੂੰ ਸੀਮਿਤ ਥਾਵਾਂ-ਗੁਰਦੁਆਰੇ, ਮੰਦਰਾਂ, ਚਰਚਾਂ ਅਤੇ ਮਸੀਤਾਂ ਆਦਿ ਵਿੱਚ ਭਾਲਦੇ ਹਨ। ਕੀ ਰੱਬ ਐਨਾ ਸੀਮਿਤ ਹੈ ਕਿ ਉਹ ਚਾਰਦੀਵਾਰੀ ਦਾ ਧਾਰਨੀ ਹੋ ਗਿਆ ਹੈ? ਜੇ ਉਹ ਇੱਟਾਂ-ਪੱਥਰਾਂ ਦੀ ਚਾਰਦੀਵਾਰੀ ਦਾ ਕੈਦੀ ਨਹੀਂ, ਜੇ ਉਹ ' ਘਟ ਘਟ ਮੇਂ ਅੰਤਰ ਕੀ ਜਾਨਤ ਹੈ' ਤਾਂ ਫਿਰ ਕਿਉਂ ਮੰਦਰਾਂ-ਮਸਜਿਦਾਂ ਤੋਂ ਬਾਹਰ ਕੂੜ ਫਰੇਬ ਕਰਦੇ ਹਾਂ? ਕਿਉਂ ਗੁਰਦੁਆਰਿਆਂ, ਚਰਚਾਂ ਤੋਂ ਬਾਹਰ ਮਨ ਆਈ ਕਰਦੇ ਹਾਂ ਤੇ ਅੰਦਰ ਜਾ ਕੇ ਸੱਚੇ ਸ਼ਰਧਾਲੂ ਬਣਨ ਦਾ ਢੋਂਗ ਕਰਦੇ ਹਾਂ? ਸ਼ਾਇਦ ਇਸ ਲਈ ਕਿ ਰੱਬ ਇਨ੍ਹਾਂ ਇਮਾਰਤਾਂ ਦੇ ਅੰਦਰ ਦੇਖਦਾ ਹੈ, ਬਾਹਰ ਨਹੀਂ। ਸਾਨੂੰ ਆਪਣੇ ਆਪ ਤੇ ਯਕੀਨ ਨਹੀਂ। ਅਸੀਂ ਦੁਕਾਨਾਂ 'ਤੇ ਬੈਠਣ ਲੱਗਿਆਂ ਦੇਵੀ ਦੇਵਤਿਆਂ ਅੱਗੇ ਮੱਥੇ ਰਗੜਦੇ ਹਾਂ ਪਰ ਗੱਲੇ 'ਤੇ ਬੈਠਦਿਆਂ ਹੀ ਝੂਠ ਬੋਲਣ ਤੋਂ ਰਤੀ ਭਰ ਵੀ ਖੌਫ਼ ਨਹੀਂ ਖਾਂਦੇ। ਅਸੀਂ ਆਪਣੀ ਚੇਤਨਤਾ ਨੂੰ ਜੰਦਰਾ ਮਾਰਿਆ ਹੋਇਆ ਹੈ ਜੋ ਖੋਲ੍ਹਣਾ ਪਵੇਗਾ। ਮੇਰਾ ਨਿਜੀ ਅਨੁਭਵ ਹੈ-

ਇੱਕ ਵਾਰ ਮੈਂ ਇੱਕ ਜਗ੍ਹਾ 'ਤੇ ਗਿਆ ਜਿੱਥੇ ਕੁੱਝ ਆਦਮੀ ਭਜਨ ਗਾ ਰਹੇ ਸਨ। ਮੈਂ ਜੁਤੀ ਪਾਈ ਹੋਈ ਸੀ ਤਾਂ ਅੰਦਰ ਜਾ ਕੇ ਪੁੱਛਿਆ ਕਿ ਮੈਂ ਫਲਾਣੇ ਆਦਮੀ ਨੂੰ ਮਿਲਣਾ ਹੈ। ਇੱਕ ਆਦਮੀ ਮੈਨੂੰ ਟੁੱਟ ਕੇ ਪਿਆ, " ਉਏ! ਜੁੱਤੀ ਤਾਂ ਖੋਲ੍ਹ ਲੈ"। ਮੈਂ ਬਾਹਰ ਆ ਕੇ ਬੂਟਾਂ ਨੂੰ ਸਾਫ਼ ਕਰ ਕੇ ਫਿਰ ਅੰਦਰ ਚਲੇ ਗਿਆ ਅਤੇ ਕਿਹਾ, " ਮੁਆਫ਼ ਕਰਨਾ, ਮੈਂ ਪਹਿਲਾਂ ਲਿੱਬੜੇ ਬੂਟ ਲੈ ਕੇ ਅੰਦਰ ਆ ਗਿਆ ਸੀ। ਹੁਣ ਧੋ ਕੇ ਆਇਆ ਹਾਂ"। ਪਰ ਬਜ਼ੁਰਗ ਖਰ੍ਹਵੀਂ ਆਵਾਜ਼ ਵਿੱਚ ਬੋਲਿਆ, " ਬੂਟ ਹੈ ਤਾਂ ਚਮੜੇ ਦੇ ਹੀ"। ਮੈਂ ਬਜ਼ੁਰਗ ਨੂੰ ਪੁੱਛਿਆ, "ਜੇ ਚਮੜਾ ਧਾਰਮਿਕ ਥਾਂ 'ਤੇ ਲੈ ਜਾਣਾ ਗੁਨਾਹ ਹੈ ਤਾਂ ਜਿਹੜੀ ਇਹ ਢੋਲਕੀ ਵੱਜ ਰਹੀ ਹੈ ਇਹ ਵੀ ਤਾਂ ਚਮੜੇ ਨਾਲ ਮੜ੍ਹੀ ਹੋਈ ਹੈ"। ਉਸ ਬਜ਼ੁਰਗ ਨੂੰ ਹੋਰ ਕੁੱਝ ਨਾ ਸੁੱਝਿਆ ਤਾਂ ਹੜਬੜਾਉਂਦੇ ਹੋਏ ਕਿਹਾ, "ਇਹ ਤਾਂ ਸਾਰੇ ਧਾਰਮਿਕ ਸਥਾਨਾਂ 'ਤੇ ਵੱਜਦੀ ਹੈ"। ਮੈਂ ਬਿਨਾਂ ਕੋਈ ਬਹਿਸ ਕੀਤਿਆਂ ਐਨਾ ਕਹਿੰਦਿਆਂ ਬਾਹਰ ਆ ਗਿਆ, "ਜੇ ਸਾਰੇ ਮੂਰਖਤਾ ਕਰਦੇ ਹਨ ਤਾਂ ਇਸ ਦਾ ਇਹ ਮਤਲਬ ਤਾਂ ਨਹੀਂ ਕਿ ਤੁਸੀਂ ਵੀ ਮੂਰਖ ਬਣੋਂ"। ਚਮੜਾ, ਚਮੜਾ ਹੈ ਭਾਵੇਂ ਉਹ ਜੁੱਤੀ ਦਾ ਹੋਵੇ ਜਾਂ ਢੋਲਕੀ ਦਾ। ਅਸੀਂ ਦਿਮਾਗਾਂ ਨੂੰ ਗਿਰਵੀ ਰੱਖਿਆ ਹੋਇਆ ਹੈ। ਸਮਝ ਆਜ਼ਾਦ ਦਿਮਾਗਾਂ ਵਿੱਚ ਵੜਦੀ ਹੈ। ਇਹ ਲਕੀਰ ਦੇ ਫਕੀਰ ਜਿਹੜੇ ਆਪਣੀ ਸੋਚ ਨੂੰ ਬਹੁਤ ਹੀ ਛੋਟੇ ਦਾਇਰੇ ਵਿੱਚ ਕੈਦ ਕਰੀ ਬੈਠੇ ਹਨ, ਧਰਮ ਨੂੰ ਕਦੇ ਨਹੀਂ ਸਮਝ ਸਕਣਗੇ। ਫਿਰ ਇਹ ਰੱਬ ਨੂੰ ਕਿਵੇਂ ਪਛਾਨਣਗੇ? ਗੁਰੂ ਨਾਨਕ ਦੇਵ ਜੀ ਤਾਂ ਮੱਕੇ ਵੱਲ ਨੂੰ ਪੈਰ ਕਰ ਕੇ ਪੈ ਗਏ ਸਨ। ਇਹ ਦੱਸਣ ਲਈ ਕਿ ਕੁਦਰਤ ਦਾ ਕਾਦਰ ਤਾਂ ਹਰ ਪਾਸੇ ਹੈ। ਅਸੀਂ ਨਾਨਕ ਦੇ ਗੁਣ ਗਾ ਸਕਦੇ ਹਾਂ, ਪਰ ਇਨ੍ਹਾਂ ਨੂੰ ਅਮਲੀ ਰੂਪ ਵਿੱਚ ਅਪਣਾ ਨਹੀਂ ਸਕਦੇ।

ਸਮਾਂ ਅਰਥਾਤ ਕਾਲ ਸਭ ਤੋਂ ਵੱਡਾ ਹੈ। ਸਮਾਂ ਬੀਤਦਾ ਜਾਂਦਾ ਹੈ, ਮਨੁੱਖ ਦੀ ਜ਼ਿੰਦਗੀ ਘਟਦੀ ਜਾਂਦੀ ਹੈ। ਇਸ ਸਮੇਂ ਦਾ ਦੂਜਾ ਪਾਸਾ ਮੌਤ ਹੈ। ਸਮਾਂ ਲੰਘ ਜਾਵੇਗਾ ਤਾਂ ਅੰਤ ਮੌਤ ਆਏਗੀ। ਮੌਤ ਉਹ ਭੈਅ ਹੈ ਜਿਸ ਨੇ ਹਰ ਪ੍ਰਾਣੀ ਨੂੰ ਭੈਅਭੀਤ ਕੀਤਾ ਹੋਇਆ ਹੈ। ਭੈਅਭੀਤ ਹੋਇਆ ਮਨੁੱਖ ਕਦੇ ਕਿਸੇ ਪਾਸੇ ਦੌੜਦਾ ਹੈ, ਕਦੇ ਕਿਸੇ ਪਾਸੇ। ਜ਼ਿੰਦਗੀ ਇਸ ਤਰ੍ਹਾਂ ਕੱਟੀਏ ਕਿ ਸਾਨੂੰ ਆਏ ਦਿਨ ਮੌਤ ਦਾ ਭੈਅ ਨਾ ਰਹੇ। ਜ਼ਿੰਦਗੀ ਦਾ ਹਰ ਪਲ ਇਸ ਖਿਆਲ ਨਾਲ ਕੱਟੀਏ ਕਿ ਇੱਕ ਦਿਨ ਖਤਮ ਹੋ ਜਾਣਾ ਹੈ, ਕੁੱਝ ਵੀ ਨਹੀਂ ਰਹਿਣਾ, ਨਾ ਦੁੱਖ ਨਾ ਸੁੱਖ, ਨਾ ਆਪਣਾ ਤੇ ਨਾ ਪਰਾਇਆ। ਆਦਮੀ ਦੀ ਜੱਦੋਜਹਿਦ ਇਹ ਹੋਵੇ ਕਿ ਮੌਤ ਨੂੰ ਜਿੱਤਣਾ ਹੈ। ਜ਼ਿੰਦਗੀ ਹੱਸਦੇ-ਖੇਡਦੇ ਸਮਾਂ ਬੀਤੇ, ਰੁੱਸਦੇ, ਮਨਾਉਂਦੇ, ਪਿਆਰਦੇ ਬੀਤੇ। ਸੰਤੁਸ਼ਟ ਰਹਿਣਾ ਤੇ ਸੰਤੁਸ਼ਟ ਰੱਖਣਾ ਜ਼ਿੰਦਗੀ ਦਾ ਮਨੋਰਥ ਹੋਵੇ। ਨਿਬੜਨਾ ਹੀ ਮੌਤ ਨੂੰ ਜਿੱਤਣਾ ਹੈ। ਜਦੋਂ ਮਰਜ਼ੀ ਮੌਤ ਆ ਜਾਵੇ ਕੋਈ ਖਾਹਿਸ਼ ਨਹੀਂ, ਕੋਈ ਗਮ ਨਹੀਂ। ਧਰਮ-ਚਿੰਤਨ ਦਾ ਉਦੇਸ਼ ਕਾਲ ਦੀ ਤਾਕਤ ਨੂੰ ਸਹੀ ਅਰਥਾਂ ਵਿੱਚ ਸਮਝਣਾ ਹੀ ਹੁੰਦਾ ਹੈ। ਸਭ ਵਿਦਵਾਨਾਂ ਦੀ ਇਹੀ ਰਾਇ ਹੈ ਕਿ ਭੌਤਿਕ ਜਗਤ ਦੀ ਹਰ ਵਸਤੂ ਕਾਲ ਦੀ ਪ੍ਰਵਾਹਮਾਨ ਗਤੀ ਵਿੱਚ ਪੈ ਕੇ ਨਾਸ਼ ਹੋ ਜਾਂਦੀ ਹੈ। ਕਾਲ ਵੱਡਾ ਹੈ ਤੇ ਕਾਲ ਤੋਂ ਮੁਕਤ ਹੋਣਾ ਰੱਬ ਦੀ ਪ੍ਰਾਪਤੀ ਹੈ। ਮੁਕਤ ਮਨੁੱਖ ਉਹ ਹੈ ਜੋ ਕਾਲ ਦੀ ਗਤੀ ਤੋਂ ਉੱਪਰ ਉੱਠ ਗਿਆ ਹੈ। ਇਸ ਨੂੰ ਮੌਤ ਉੱਤੇ ਜਿੱਤ ਆਖ ਲਓ, ਮਨ ਦੀ ਸੰਤੁਸ਼ਟੀ ਆਖ ਲਵੋ ਜਾਂ ਪ੍ਰਮਾਤਮਾ ਦਾ ਪਾਉਣਾ ਆਖ ਲਵੋ। ਗੁਰੂ ਗੋਬਿੰਦ ਸਿੰਘ ਜੀ ਦਾ ਸ਼ਬਦ ਹੈ,

"ਕਾਲ ਪਾਏ ਬ੍ਰਹਮਾ ਬਪੁ ਧਰਾ,
ਕਾਲ ਪਾਏ ਸ਼ਿਵ ਜੀ ਅਵਤਰਾ,
ਕਾਲ ਪਾਏ ਕਰ ਬਿਸਨ ਪ੍ਰਕਾਸਾ,
ਸਕਲ ਕਾਲ ਕਾ ਕੀਆ ਤਮਾਸਾ"।

ਇਸ ਦਾ ਭਾਵ ਹੈ ਕਿ ਕਾਲ ਦਾ ਪ੍ਰਵਾਹ ਨਿਰੰਤਰ ਗਤੀ ਹੈ ਜਿਸ ਵਿੱਚ ਜਗਤ ਦੀ ਹਰ ਵਸਤੂ ਨਾਸ਼ਮਾਨ ਹੈ।

ਕਈ ਹਜ਼ਾਰ ਸਾਲ ਪਹਿਲਾਂ ਹਿੰਦੁਸਤਾਨ ਦੀ ਧਰਤੀ 'ਤੇ ਇੱਕ ਮਹਾਂਪੁਰਸ਼ ਪੈਦਾ ਹੋਇਆ ਜਿਸ ਨੇ ਪ੍ਰਾਣੀ ਨੂੰ ਚੰਗਾ ਮਨੁੱਖ ਬਣ ਕੇ ਰੱਬੀ ਅਹਿਸਾਸ ਪ੍ਰਾਪਤ ਕਰਨ ਦੀ ਪ੍ਰੇਰਣਾ ਦਿੱਤੀ। ਅਸੀਂ ਰਾਹ ਤੋਂ ਭਟਕੇ ਆਪਣੇ ਆਪ ਨੂੰ ਤਸੀਹੇ ਦਿੰਦੇ, ਸਰਾਪਾਂ ਤੋਂ ਡਰਦੇ ਮੱਥਾ ਰਗੜਦੇ, ਵਹਿਮਾਂ ਵਿੱਚ ਪਏ ਬੇਚੈਨੀ ਨਾਲ ਜ਼ਿੰਦਗੀ ਜਿਉਂਦੇ ਹਾਂ। ਬੁਢਾਪੇ ਅਤੇ ਮੌਤ ਤੋਂ ਪ੍ਰੇਰਿਤ ਹੋ ਕੇ ਬੁੱਧ ਨੇ ਲੋਕਾਂ ਨੂੰ ਗਿਆਨ ਦਾ ਘੁੱਟ ਪਿਲਾਇਆ, " ਨਾ ਕੋਈ ਰਾਜਾ ਹੈ, ਨਾ ਰਾਣੀ। ਨਾ ਕੋਈ ਉੱਚਾ ਹੈ, ਨਾ ਕੋਈ ਨੀਵਾਂ। ਨਾ ਕੋਈ ਭਗਵਾਨ ਹੈ, ਨਾ ਕੋਈ ਸਵਰਗ ਨਾ ਨਰਕ। ਮੌਤ ਉੱਤੇ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ, ਮੱਥੇ ਰਗੜ ਕੇ ਨਹੀਂ, ਜ਼ਿੰਦਗੀ ਵਿੱਚ ਸਹੀ ਅਸੂਲਾਂ ਨਾਲ, ਸਹੀ ਅਮਲਾਂ ਨਾਲ। ਇਹੀ ਰੱਬ ਹੈ"। ਬੁੱਧ ਨੂੰ ਗਿਆਨ ਹੋਇਆ। ਉਹ ਗਿਆਨ ਦੈਵੀ ਸ਼ਕਤੀ ਨਹੀਂ ਸੀ, ਨਾ ਹੀ ਕੋਈ ਅਦਭੁੱਤ ਰੌਸ਼ਨੀ ਸੀ। ਉਹ ਗਿਆਨ ਮਨ ਦੀਆਂ ਗੁੰਝਲਾਂ ਦਾ ਖੁੱਲ੍ਹਣਾ ਅਤੇ ਜ਼ਿੰਦਗੀ ਨੂੰ ਸਮਝਣਾ ਸੀ। ਬੁੱਧ ਕਹਿੰਦਾ ਹੈ, "ਸਭ ਅਕਲਾਂ ਦੇ ਸੋਮੇ ਤੁਹਾਡੇ ਅੰਦਰ ਹਨ। ਸਭ ਦੁੱਖਾਂ ਦਾ ਕਾਰਨ ਤੁਹਾਡੀ ਭਟਕਣਾ ਹੈ। ਇਸ ਭਟਕਣਾ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਯਾਦ ਰਹੇ ਭਟਕਣਾ ਤੋਂ ਛੁਟਕਾਰਾ ਪਾਉਣ ਲਈ ਕਿਤੇ ਮੱਥੇ ਘਸਾਣ ਦੀ ਲੋੜ ਨਹੀਂ, ਆਪਣੀ ਚੇਤਨਤਾ ਨੂੰ ਹਲੂਣਾ ਦੇਣ ਦੀ ਲੋੜ ਹੈ"।

ਮਨੁੱਖ ਦਾ ਫ਼ਰਜ਼ ਹੈ ਸੋਚੇ, ਸਮਝੇ, ਖੋਜੇ। ਗੁਰੂ ਨਾਨਕ ਵਰਗੇ ਵਿਦਵਾਨ ਬੜੀ ਰਮਜ਼ ਨਾਲ ਗੱਲ ਕਹਿ ਗਏ ਹਨ। ਫਿਰ ਉਸ ਰਮਜ਼ ਨੂੰ ਵਿਚਾਰਦੇ ਹੋਏ ਜੂਨਾਂ ਵਿੱਚ ਆਣ ਵਾਲੇ ਨੂੰ , ਜਿਸ ਦੀ ਕੋਈ ਮੂਰਤ ਨਹੀਂ, ਸ਼ਕਲ ਨਹੀਂ, ਉਸ ਨੂੰ ਭਾਲਣਾ ਹੈ। ਉਸ ਦੀ ਸ਼ਕਲ ਦੇਖੀ ਜਾ ਸਕਦੀ ਹੈ। ਇਹੋ ਜਿਹੀ ਸਥਿਤੀ ਵਿੱਚ ਜਦੋਂ ਮਨੁੱਖ ਆਪ ਸੰਤੁਸ਼ਟ ਹੁੰਦਾ ਹੈ ਤੇ ਦੂਜੇ ਨੂੰ ਖੁਸ਼ੀ ਦਿੰਦਾ ਹੈ। ਪ੍ਰੋ. ਮੋਹਨ ਸਿੰਘ ਲਿਖਦੇ ਹਨ-

"ਰੱਬ ਇੱਕ ਗੁੰਝਲਦਾਰ ਬੁਝਾਰਤ, ਰੱਬ ਇੱਕ ਗੋਰਖ ਧੰਦਾ।
ਖੋਲ੍ਹਣ ਲਗਿਆਂ ਪੇਚ ਇਸਦੇ ਕਾਫ਼ਰ ਹੋ ਜਾਏ ਬੰਦਾ।
ਕਾਫ਼ਰ ਹੋ ਕੇ ਡਰ ਕੇ ਜੀਵੇਂ, ਖੋਜੋਂ ਮੂਲ ਨਾ ਖੁੰਝੀਂ,
ਲਾਈ ਲੱਗ ਮੋਮਨ ਦੇ ਨਾਲੋਂ ਖੋਜੀ ਕਾਫ਼ਰ ਚੰਗਾ"।

ਅਮਰੀਕ ਦੇ ਉਦਯੋਗਪਤੀ ਏਲਨ ਮਸਕ ਹਰ ਸਾਲ ਕਰੀਬ 10 ਬਿਲੀਅਨ ਡਾਲਰ ਆਮਦਨ ਕਰ ਅਦਾ ਕਰਦੇ ਹਨ । ਇੰਨਾ ਹੈ ਕਿ ਦੁਬਈ ਦਾ ਬੁਰਜ ਖਲੀਫ਼ਾ ਬਣਾਇਆ ਜਾ ਸਕਦਾ ਹੈ।



ਮਿਨੀ ਕਹਾਣੀ

## ਪੱਥਰ ਪੁੱਤ

ਚਰਨਜੀਤ ਸਿੰਘ ਕਤਰਾ,
ਸਹੌੜਾਂ

" ਕੈਲੇ ਪੁੱਤ ! ਉਰੇ ਆਈਂ"।

" ਕਿਆ ਏ, ਤੈਨੂੰ ਕਿੰਨੀ ਵਾਰੀ ਕਿਹਾ, ਤੁਰਨ ਲੱਗੇ ਨੂੰ ਵਾਜ ਨਾ ਮਾਰਿਆ ਕਰ", ਕੈਲਾ ਗੁੱਸੇ ਵਿੱਚ ਬੋਲਿਆ।

"ਪੁੱਤ ! ਮੈਂ ਤਾਂ, ਤਾਂ ਵਾਜ ਮਾਰੀ ਤੀ ਬਈ ਤੇਰੀ ਭੈਣ ਦੀਪੋ ਨੇ ਅੱਜ ਆਪਣੇ ਘਰ ਜਾਣਾ, ਤਿਓਹਾਰਾਂ ਦੇ ਦਿਨ ਆ, ਖਾਲੀ ਹੱਥ.."।

" ਫੇਰ ਮੈਂ ਕਿਆ ਕਰਾਂ?"

" ਪੁੱਤ ਥੋੜ੍ਹੇ ਪੈਸੇ ਦੇ ਜਾਂਦਾ। ਖਾਲੀ ਹੱਥ ਥੋੜ੍ਹਾ ਤੋਰਨੀ, ਨਾਲੇ ਮੈਂ ਵੀ ਦਵਾਈ ਲਿਆਉਣੀ ਈ, ਸਾਰੀ ਰਾਤ ਖੰਘ ਨੀ ਹਟਦੀ, ਛਾਤੀ ਜੰਮੀ ਪਈ ਆ"।

" ਸੱਚੀ ਗੱਲ ਐ ਮਾਂ !ਮੇਰੇ ਕੋਲ ਨੀ ਹੈਗੇ ਪੈਸੇ ਪੂਸੇ, ਠੇਕੇਦਾਰ ਨੇ ਦਿੱਤੇ ਈ ਨੀ ਅਜੇ। ਨਾਲੇ ਪਿਛਲੇ ਹਫ਼ਤੇ ਬਾਈ ਆਇਆ ਤਾ, ਮੰਗ ਲੈਂਦੀ ਉਹਦੇ ਕੋਲੋਂ, ਬਥੇਰੀ ਕਮਾਈ ਕਰਦਾ ਉੱਪਰੋਂ। ਮੈਂ ਕੱਲੇ ਨੇ ਠੇਕਾ ਨੀ ਲਿਆ ਤੇਰਾ, ਨਾਲੇ ਰੋਟੀਆਂ ਖਵਾਓ, ਨਾਲੇ ......", ਕੈਲਾ ਗੁੱਸੇ ਵਿੱਚ ਬੁੜ-ਬੁੜ ਕਰਦਾ ਬਾਹਰ ਨਿਕਲ ਗਿਆ।

ਮਾਂ ਲੰਬਾ ਹਉਕਾ ਲੈ ਕੇ ਬੈਠੀ ਦੀ ਬੈਠੀ ਰਹਿ ਗਈ। ਉਹ ਸੋਚਣ ਲੱਗੀ, "ਦੀਪੋ ਦਾ ਬਾਪੂ ਆਪ ਤਾਂ ਤੁਰ ਗਿਆ ਸੁਰਖ਼ਰੂ ਹੋ, ਮੈਨੂੰ ਬੇਬਸੀ ਦੇ ਜਾਲ ਵਿੱਚ ਫਸਾ ਗਿਆ। ਕਹਿੰਦਾ ਹੁੰਦਾ ਸੀ, ਸਾਨੂੰ ਕਾਹਦਾ ਘਾਟਾ, ਸਾਡੇ ਦੋ ਸ਼ੇਰ ਪੁੱਤਰ ਆ। ਬੱਸ ਇੱਕ ਪੱਥਰ ਜੰਮ ਕੇ ਗਲਤੀ ਕੀਤੀ, ਨਹੀਂ ਤਾਂ ਸਾਡੇ ਬਰਾਬਰ ਕੌਣ ਸੀ? ਤੂੰ ਦੇਖ ਲੈ ਇਨ੍ਹਾਂ ਸ਼ੇਰ ਪੁੱਤਾਂ ਨੂੰ, ਇੱਕ ਰੋਟੀ ਦੇ ਕੇ ਮਿਹਣੇ ਮਾਰਦਾ, ਦੂਜਾ ਕਹਿੰਦਾ, ਇਹ ਸਾਰੀ ਜ਼ਮੀਨ ਜਾਇਦਾਦ ਸਾਂਭੀ ਬੈਠਾ, ਮਾਂ ਨੂੰ ਕੋਈ ਹੋਰ ਸਾਂਭੂ? ਦੱਸ ਹੁਣ ਮੈਂ ਕਿੱਧਰ ਜਾਵਾਂ, ਕੀ ਕਰਾਂ...?"

" ਮਾਂ ਕੀ ਸੋਚਦੀ ਏਂ ਬੈਠੀ"? ਦੀਪੋ ਬਾਹਰੋਂ ਆ ਕੇ ਬੋਲੀ।

" ਕੁੱਛ ਨੀ ਪੁੱਤ ! ਤੂੰ ਕਿੱਥੇ ਚਲੀ ਗਈ ਸੀ?"

" ਮਾਂ ਚਾਚੀ ਦੇ ਗਈ ਸੀ"।

" ਅੱਛਾ, ਔਹ ਟਰੰਕ ਖੋਲ੍ਹ ਜਰਾ", ਮਾਂ ਉੱਠਦੀ ਹੋਈ ਬੋਲੀ।

" ਕਿਉਂ?"

" ਆਪਣੀ ਪਸੰਦ ਦਾ ਸੂਟ ਕੱਢ ਲੈ"।

" ਨਹੀਂ ਮਾਂ ! ਮੈਂ ਨੀ ਕੁੱਝ ਲੈਣਾ, ਨਾਲੇ ਮੈਂ ਤਾਂ ਅੱਜ ਜਾਣਾ ਈ ਨੀ, ਮੈਂ ਫੋਨ ਕਰਤਾ ਕਿ ਠਹਿਰ ਕੇ ਆਊਂ, ਤੁਸੀਂ ਆਪੇ ਸਾਰ ਲਿਉ। ਆਪਾਂ ਮਾਂ ਅੱਜ ਸ਼ਹਿਰ ਜਾਣਾ ਡਾਕਟਰ ਦੇ, ਮੈਂ ਦੇਖ ਲਿਆ ਇੱਥੇ ਤੇਰੇ ਲਈ ਕਿਸੇ ਕੋਲ ਵਕਤ ਨੀ, ਤੇਰਾ ਬੁਰਾ ਹਾਲ ਹੈ, ਸਾਰੀ ਰਾਤ ਤੂੰ ਸੌਂ ਨੀ ਸਕੀ ਪਰ ਇਨ੍ਹਾਂ ਦੇ......"।

ਬਾਕੀ ਸਫਾ 25 'ਤੇ...............



# ਲੜਕੀਆਂ ਪ੍ਰਤੀ ਸੋਚ ਬਦਲਣ ਦੀ ਲੋੜ

ਪ੍ਰਿੰਸੀਪਲ (ਰਿਟਾ)
ਰਵਿੰਦਰ ਕੌਰ ਰੂਪਨਗਰ

ਆਰੰਭ ਤੋਂ ਹੀ ਭਾਰਤੀ ਸਮਾਜ ਪੁਰਸ਼ ਪ੍ਰਧਾਨ ਰਿਹਾ ਹੈ। ਇਸ ਵਿੱਚ ਔਰਤਾਂ ਨੂੰ ਪੜ੍ਹਾਉਣ ਅਤੇ ਹਰ ਖੇਤਰ ਦੇ ਮੁਕਾਬਲਿਆਂ ਵਿੱਚ ਭਾਗ ਲੈਣ 'ਤੇ ਪਾਬੰਦੀਆਂ ਲੱਗੀਆਂ ਰਹੀਆਂ ਹਨ। ਇਸ ਲਈ ਉਹ ਆਪਣੀ ਸਮਰੱਥਾ ਦਾ ਪ੍ਰਗਟਾਵਾ ਨਹੀਂ ਸੀ ਕਰ ਸਕਦੀਆਂ। ਜਿਸ ਕਾਰਨ ਉਨ੍ਹਾਂ ਨੂੰ ਕਮਜ਼ੋਰ ਅਤੇ ਲਾਚਾਰ ਹੀ ਸਮਝਿਆ ਜਾਂਦਾ ਰਿਹਾ ਹੈ। ਲੜਕਿਆਂ ਨੂੰ ਹਰ ਕੰਮ ਵਿੱਚ ਪਹਿਲ ਦਿੱਤੀ ਜਾਂਦੀ ਸੀ ਜਿਸ ਕਾਰਨ ਹਰ ਪਾਸੇ ਉਨ੍ਹਾਂ ਦਾ ਹੀ ਬੋਲਬਾਲਾ ਹੁੰਦਾ ਸੀ ਹੁਣ ਸਮੇਂ ਦੇ ਬਦਲਣ ਨਾਲ ਔਰਤਾਂ ਨੂੰ ਪੜ੍ਹਾਈ ਅਤੇ ਨੌਕਰੀ ਆਦਿ ਵਿੱਚ ਮੌਕੇ ਮਿਲਣ ਲੱਗੇ ਹਨ ਤਾਂ ਉਨ੍ਹਾਂ ਨੇ ਹਰ ਖੇਤਰ ਵਿੱਚ ਲੜਕਿਆਂ ਨੂੰ ਪਛਾੜਨਾ ਸ਼ੁਰੂ ਕਰ ਦਿੱਤਾ ਹੈ। ਆਲ ਇੰਡੀਆ ਸਰਵਿਸਸ, ਡਿਫੈਂਸ ਸਰਵਿਸਸ ਅਤੇ ਸੂਬਾ ਪੱਧਰੀ ਅਧਿਕਾਰੀਆ ਦੀਆਂ ਸੇਵਾਵਾਂ ਲਈ ਮੁਕਾਬਲਾ ਪ੍ਰੀਖਿਆਵਾਂ ਵਿੱਚ ਲੜਕੀਆਂ ਦੇ ਪਹਿਲੇ ਸਥਾਨਾਂ 'ਤੇ ਆਉਣ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ। ਹੁਣੇ ਹੁਣੇ ਪ੍ਰਕਾਸ਼ਿਤ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਾਲਾਨਾ ਨਤੀਜਿਆਂ ਵਿੱਚ ਵੀ ਲੜਕੀਆਂ ਨੇ ਕਮਾਲ ਕਰ ਦਿਖਾਇਆ ਹੈ।

ਦਸਵੀਂ ਜਮਾਤ ਦੇ ਨਤੀਜੇ ਵਿੱਚ ਚਾਰ ਵਿਦਿਆਰਥਣਾਂ ਨੇ ਸੂਬਾ ਪੱਧਰ 'ਤੇ ਪਹਿਲੇ ਚਾਰ ਸਥਾਨ ਹਾਸਲ ਕੀਤੇ ਹਨ। ਇਨ੍ਹਾਂ ਵਿੱਚ ਫਰੀਦਕੋਟ ਜ਼ਿਲ੍ਹੇ ਦੀ ਅਕਸ਼ਨੂਰ ਕੌਰ ਪਹਿਲੇ ਅਤੇ ਜਸ਼ਨਪ੍ਰੀਤ ਕੌਰ ਚੌਥੇ, ਜ਼ਿਲ੍ਹਾ ਮੁਕਤਸਰ ਸਾਹਿਬ ਦੀ ਰਤਿੰਦਰਦੀਪ ਕੌਰ ਦੂਜੇ, ਅਤੇ ਮਲੇਰਕੋਟਲਾ ਜ਼ਿਲ੍ਹੇ ਦੀ ਅਰਸ਼ਦੀਪ ਕੌਰ ਤੀਜੇ ਸਥਾਨ 'ਤੇ ਆਈਆਂ ਹਨ। ਖਾਸ ਗੱਲ ਇਹ ਹੈ ਕਿ ਇਹ ਸਾਰੀਆਂ ਲੜਕੀਆਂ ਪੇਂਡੂ ਸਕੂਲਾਂ ਦੀਆਂ ਵਿਦਿਆਰਥਣਾਂ ਹਨ। ਬੋਰਡ ਵਲੋਂ ਜਾਰੀ 300 ਵਿਦਿਆਥੀਆਂ ਦੀ ਮੈਰਿਟ ਸੂਚੀ ਵਿੱਚ ਵੀ 256 ਲੜਕੀਆਂ ਨੇ ਸਥਾਨ ਗ੍ਰਹਿਣ ਕੀਤਾ ਹੈ। ਸਿਰਫ਼ ਅੰਕ ਲੈਣ ਵਿੱਚ ਹੀ ਨਹੀਂ ਬਲਕਿ ਲੜਕੀਆਂ ਨੇ ਪਾਸ ਹੋਣ ਵਿੱਚ ਵੀ ਲੜਕਿਆਂ ਤੋਂ ਵਧੀਆ ਕਾਰਗੁਜ਼ਾਰੀ ਦਿਖਾਈ ਹੈ। ਇਸ ਨਤੀਜੇ ਅਨੁਸਾਰ ਲੜਕੀਆਂ ਦੀ ਪਾਸ ਪ੍ਰਤਿਸ਼ਤਤਾ 96.85 ਅਤੇ ਲੜਕਿਆਂ ਦੀ 94.56% ਹੈ। ਬਾਰ੍ਹਵੀਂ ਜਮਾਤ ਦੇ ਨਤੀਜੇ ਵਿੱਚ ਵੀ ਲੜਕੀਆਂ ਨੇ ਪਹਿਲੀਆਂ ਤਿੰਨ ਪੋਜ਼ੀਸ਼ਨਾਂ ਸਣੇ ਪਹਿਲੇ ਅੱਠ ਸਥਾਨ ਹਾਸਲ ਕਰ ਕੇ ਮਾਅਰਕਾ ਮਾਰਿਆ ਹੈ। ਇਸ ਵਿੱਚ ਬਰਨਾਲਾ ਦੀ ਹਰਸੀਰਤ ਕੌਰ ਨੇ ਪਹਿਲਾ, ਕਸੋਆਣਾ (ਫਿਰੋਜ਼ਪੁਰ) ਦੀ ਮਨਵੀਰ ਕੌਰ ਨੇ ਦੂਜਾ ਅਤੇ ਭੀਖੀ (ਮਾਨਸਾ) ਦੀ ਅਰਸ਼ ਨੇ ਤੀਜਾ ਸਥਾਨ ਹਾਸਲ ਕੀਤਾ ਹੈ। ਇਸ ਦੇ ਨਾਲ ਹੀ ਮੈਰਿਟ ਸੂਚੀ ਵਿੱਚ ਦਰਜ 290 ਵਿੱਚੋਂ 234 ਲੜਕੀਆਂ ਹਨ। ਇੰਨਾ ਹੀ ਨਹੀਂ ਪਾਸ ਪ੍ਰਤਿਸ਼ਤ ਵਿੱਚ ਵੀ ਲੜਕੀਆਂ ਮੋਹਰੀ ਹਨ। ਲੜਕੀਆਂ 94.32% ਅਤੇ ਲੜਕੇ 88.08% ਪਾਸ ਹੋਏ ਹਨ। ਇਹ ਵੀ ਪਤਾ ਲੱਗਾ ਹੈ ਕਿ ਇਹ ਲੜਕੀਆਂ ਆਮ ਘਰਾਂ ਦੀਆਂ ਹਨ ਜਿਨ੍ਹਾਂ ਕੋਲ ਪੜ੍ਹਾਈ ਲਈ ਕੋਈ ਵਿਸ਼ੇਸ਼ ਸਹੂਲਤਾਂ ਨਹੀਂ ਹਨ। ਇਸ ਤੋਂ ਸਪਸ਼ਟ ਹੈ ਕਿ ਲੜਕੀਆਂ, ਲੜਕਿਆਂ ਨਾਲੋਂ ਵੱਧ ਮਿਹਨਤੀ ਅਤੇ ਹੁਸ਼ਿਆਰ ਹਨ।

ਇਸ ਦੇ ਬਾਵਜੂਦ ਕੁੱਝ ਪਛਾਂਹਖਿਚੂ ਸੋਚ ਦੇ ਮਾਲਕ ਲੋਕ ਲੜਕੀਆਂ ਦੀ ਲਿਆਕਤ 'ਤੇ ਸ਼ੱਕ ਕਰਦੇ ਹਨ। ਇਸ ਸੁਚਾਰੂ ਪਰਿਵਰਤਨ ਨੂੰ ਸਵੀਕਾਰ ਕਰ ਲੈਣ ਵਿੱਚ ਹੀ ਸਮਝਦਾਰੀ ਹੈ, ਨਹੀਂ ਤਾਂ ਅਸੀਂ ਸਮੇਂ ਦੀ ਦੌੜ ਵਿੱਚ ਬਹੁਤ ਪਿੱਛੇ ਰਹਿ ਜਾਵਾਂਗੇ।

## ਨਵੇਂ ਆਜੀਵਨ ਮੈਂਬਰ



**1. ਸ. ਦਵਿੰਦਰ ਸਿੰਘ**
ਪੁੱਤਰ ਸ. ਹਰੀ ਸਿੰਘ
# 179, ਮਾਡਲ ਟਾਊਨ ਰੂਪਨਗਰ



**2. ਸ਼੍ਰੀਮਤੀ ਕੁਲਵਿੰਦਰ ਕੌਰ**
(ਸਰਪੰਚ) ਪਤਨੀ ਸ.ਗੁਰਬਿੰਦਰ ਸਿੰਘ, ਪਿੰਡ-ਫੂਲਪੁਰ ਗਰੇਵਾਲ, ਜ਼ਿਲ੍ਹਾ-ਰੂਪਨਗਰ



**3. ਸ਼੍ਰੀਮਤੀ ਅਮਨਦੀਪ ਕੌਰ**
(ਸਰਪੰਚ) ਪਤਨੀ ਸ.ਹਰਦੇਵ ਸਿੰਘ, ਪਿੰਡ-ਅਟਾਰੀ, ਜ਼ਿਲ੍ਹਾ-ਐਸ.ਬੀ.ਐਸ.ਨਗਰ



**4. ਸ. ਗੁਰਦੇਵ ਸਿੰਘ**
ਪੁੱਤਰ ਸ਼੍ਰੀ ਰਾਮਜੀ ਦਾਸ,
# 13 ਗਿੱਲਕੋ ਵੈਲੀ, ਰੂਪਨਗਰ

ਸੈਣੀ ਭਵਨ ਰੂਪਨਗਰ ਨਾਲ ਜੁੜਨ 'ਤੇ ਆਪ ਸਭ ਦਾ ਸਵਾਗੁਤ ਹੈ।

.......ਸਫ਼ਾ 24 ਦੀ ਬਾਕੀ

" ਨਹੀਂ ਪੁੱਤ, ਅੱਜ ਤੇਰਾ ਕੈਲਾ ਵੀਰ ਦਵਾਈ ਲਿਆਊ, ਕਹਿ ਕੇ ਗਿਆ"।

" ਮਾਂ, ਮੈਂ ਸੁਣ ਲਿਆ ਸਭ ਕੁੱਝ, ਤੂੰ ਪਰਦੇ ਨਾ ਪਾ। ਮੈਨੂੰ ਤਾਂ ਪਤਾ ਨੀ ਲੱਗਿਆ ਪਹਿਲਾਂ, ਪਰ ਕੋਈ ਗੱਲ ਨੀ ਤੂੰ ਫ਼ਿਕਰ ਨਾ ਕਰ, ਤੇਰੀ ਇਸ 'ਪੱਥਰ' ਧੀ ਦਾ ਵੀ ਤਾਂ ਫ਼ਰਜ਼ ਬਣਦਾ ਕੁੱਝ, ਬਸ ਤੂੰ ਤਿਆਰ ਹੋ ਜਾ"।

" ਮੇਰਾ ਸ਼ੇਰ ਪੁੱਤ", ਮਾਂ ਧੀ ਨੂੰ ਜੱਫ਼ੀ ਵਿੱਚ ਲੈ ਕੇ ਫਿਸ ਹੀ ਪਈ।



## ਵੀਅਤਨਾਮ ਦੇਸ਼ ਦੀ ਸੈਰ

ਡਾ. ਅਜਮੇਰ ਸਿੰਘ
ਰੂਪਨਗਰ

ਏਸ਼ੀਆ ਮਹਾਦੀਪ ਦੇ ਪੂਰਬੀ ਕਿਨਾਰੇ 'ਤੇ ਸਥਿਤ ਵੀਅਤਨਾਮ, ਕਈ ਪੱਖਾਂ ਤੋਂ ਦੂਜੇ ਦੇਸ਼ਾਂ ਨਾਲੋਂ ਵਿਲੱਖਣ ਹੈ। ਇਹ ਦੇਸ਼ 1955 ਤੋਂ 1975 ਤੱਕ ਵਿਸ਼ਵ ਇਤਿਹਾਸ ਦੀਆਂ ਸੁਰਖੀਆਂ ਵਿੱਚ ਰਿਹਾ ਜਦੋਂ ਇਸ ਦੇ ਆਮ ਲੋਕਾਂ ਨੇ ਅਮਰੀਕਾ-ਵੀਅਤਨਾਮ ਜੰਗ ਸਮੇਂ ਆਪਣੇ ਲੋਕ-ਨਾਇਕ ਹੋ ਚੀ ਮਿੰਨ੍ਹ ਦੀ ਅਗਵਾਈ ਹੇਠ ਗੁਰੀਲਾ ਯੁੱਧ ਲੜਦਿਆਂ ਤਾਕਤਵਰ ਦੇਸ਼ ਦੀਆਂ ਫੌਜਾਂ ਧੂੜ ਚਟਾਈ ਸੀ। ਇਸ ਲਈ ਵੀਅਤਨਾਮ ਦੇ ਜੁਝਾਰੂ ਲੋਕ ਦੇਸ਼ਭਗਤੀ ਅਤੇ ਸਿਰੜ ਲਈ ਜਾਣੇ ਜਾਂਦੇ ਹਨ। ਇਸ ਦੇਸ਼ ਨੂੰ ਵੇਖਣ ਦੀ ਚਾਹਤ ਚਿਰਾਂ ਤੋਂ ਸੀ, ਪਰ ਇਹ 2024 ਦੇ ਅੰਤ ਵਿੱਚ ਪੂਰੀ ਹੋਈ ਜਦੋਂ ਯੂਨੀਕ ਐਡਵੈਂਚਰ ਕਲੱਬ ਰੂਪਨਗਰ ਦੇ 37 ਸਾਥੀਆਂ ਨਾਲ 22 ਦਸੰਬਰ ਤੋਂ 28 ਦਸੰਬਰ ਤੱਕ ਇਸ ਦੇਸ਼ ਦੀਆਂ ਕੁੱਝ ਚੋਣਵੀਆਂ ਥਾਵਾਂ ਦੇਖਣ ਦਾ ਸਬੱਬ ਬਣਿਆ।

ਅਸੀਂ 21 ਦਸੰਬਰ ਨੂੰ 11 ਵਜੇ ਰੂਪਨਗਰ ਤੋਂ ਚੱਲ ਕੇ ਨਵੀਂ ਦਿੱਲੀ ਪਹੁੰਚੇ ਜਿੱਥੋਂ ਵੀਅਤਨਾਮੀ ਏਅਰਲਾਈਨਜ਼ ਦੇ ਜਹਾਜ਼ ਵਿੱਚ ਬੈਠ ਕੇ ਸਾਢੇ ਚਾਰ ਘੰਟੇ ਦੇ ਸਫਰ ਉਪਰੰਤ 2600 ਕਿਲੋਮੀਟਰ ਦੂਰ ਉਸ ਦੇਸ਼ ਦੀ ਰਾਜਧਾਨੀ ਹੈਨੋਈ ਜਾ ਉੱਤਰੇ। ਭਾਰਤ ਦੇ ਪੂਰਬ ਵਿੱਚ ਹੋਣ ਕਾਰਨ ਇਸ ਦੇਸ਼ ਦੀਆਂ ਘੜੀਆਂ ਸਾਡੇ ਨਾਲੋਂ ਡੇਢ ਕੁ ਘੰਟਾ ਅੱਗੇ ਹਨ। ਹੈਨੋਈ ਹਵਾਈ ਅੱਡੇ ਤੋਂ ਇੱਕ ਟੂਰਿਸਟ ਬੱਸ ਵਿੱਚ ਬੈਠ ਕੇ ਅਸੀਂ 6 ਘੰਟੇ ਬਾਅਦ ਇੱਕ ਸੁੰਦਰ ਸ਼ਹਿਰ ਸਾ ਪਾ ਪਹੁੰਚ ਗਏ ਜਿੱਥੇ ਸਾਨੂੰ ਹੋਟਲ ਬਾਂਬੂ ਸਾ ਪਾ ਵਿਖੇ ਠਹਿਰਾਇਆ ਗਿਆ। ਅਗਲੇ ਦਿਨ ਸਵੇਰੇ ਅਸੀਂ ਖੂਬਸੂਰਤ ਪਹਾੜੀਆਂ ਵਿੱਚ ਸਥਿਤ ਕਬਾਇਲੀ ਪਿੰਡਾਂ, ਲਾਓ ਚਾਈ ਅਤੇ ਟਾ ਵੈਨ ਵੇਖਣ ਗਏ ਜਿੱਥੇ ਲੋਕਾਂ ਦੀਆਂ ਦਸਤਕਾਰੀ ਵਸਤਾਂ ਦੇਖੀਆਂ ਅਤੇ ਪੈਦਲ ਪਹਾੜੀ ਰਸਤਾ ਤੁਰਨ ਦਾ ਆਨੰਦ ਮਾਣਿਆ। ਇਹ ਪਿੰਡ ਚੀਨ ਦੀ ਸਰਹੱਦ ਤੋਂ 30 ਕੁ ਕਿਲੋਮੀਟਰ ਦੂਰ ਹਨ ਜਿਸ ਕਾਰਨ ਚੀਨ ਦੇ ਸੱਭਿਆਚਾਰ ਤੋਂ ਪ੍ਰਭਾਵਿਤ ਹਨ। ਸ਼ਾਮ ਸਮੇਂ ਅਸੀਂ ਸ਼ਹਿਰ ਦਾ ਬਾਜ਼ਾਰ ਦੇਖਿਆ ਜਿਸ ਨੂੰ 90 ਪ੍ਰਤਿਸ਼ਤ ਔਰਤਾਂ ਹੀ ਸੰਭਾਲਦੀਆਂ ਨਜ਼ਰੀਂ ਪਈਆਂ। ਸ਼ਹਿਰ ਦੇ ਨਾਲ ਹੀ ਸਥਿਤ ਪਿੰਡ ਕੈਟ ਕੈਟ ਸੈਲਾਨੀਆਂ ਦਾ ਮਨਪਸੰਦ ਥਾਂ ਹੈ।

ਅਗਲੇ ਦਿਨ ਅਸੀਂ ਸਾਪਾ ਤੋਂ ਫਾਂਸੀਪਨ ਪਹਾੜ ਦੇਖਣ ਗਏ ਜਿਸ ਦੀ 3143 ਮੀਟਰ ਉੱਚੀ ਚੋਟੀ 'ਤੇ ਕੇਬਲ ਕਾਰ ਦੀ ਮਦਦ ਨਾਲ ਚੜ੍ਹ ਕੇ ਇੰਡੋਚਾਈਨਾ ਦੇਸ਼ਾਂ ਦੀ ਝਲਕ ਪਾਈ। ਇਸ ਤੋਂ ਵੀ ਉੱਪਰ ਅਸੀ ਸਿੱਧੀਆਂ ਪੌੜੀਆਂ ਰਾਹੀ ਪੈਦਲ ਗਏ। ਇੱਥੇ ਪਗੋਡਾ (ਮਹਾਤਮਾ ਬੁੱਧ ਦਾ ਬਹੁਤ ਵੱਡਾ ਬੁੱਤ ਅਤੇ ਪੂਜਾ ਸਥਾਨ) ਸਥਿਤ ਸਨ ਅਤੇ ਦੇਸ਼ ਦਾ ਕੌਮੀ ਝੰਡਾ ਲਹਿਰਾ ਰਿਹਾ ਸੀ। ਇੱਥੋਂ ਦੂਰ ਦੂਰ ਤੱਕ ਜੰਗਲ ਵਿੱਚ ਬੱਦਲ ਛਾਏ ਹੋਏ ਸਨ ਅਤੇ ਝਰਨੇ ਦਿਸ ਰਹੇ ਸਨ। ਖਾਸ ਗੱਲ ਇਹ ਸੀ ਕਿ ਇਸ ਸੈਲਾਨੀ ਥਾਂ ਨੂੰ ਸਰਕਾਰ ਵਲੋਂ ਬਹੁਤ ਹੀ ਵਧੀਆ ਢੰਗ ਨਾਲ ਸਾਂਭਿਆ ਹੋਇਆ ਸੀ। ਇਸ ਸ਼ਾਮ ਨੂੰ ਉੱਤਰ ਵਿੱਚ ਚੀਨ ਤੇ ਵੀਅਤਨਾਮ ਨੂੰ ਵੰਡਦੇ ਲਾਲ ਦਰਿਆ 'ਤੇ ਕੁੱਝ ਸਮਾਂ ਠਹਿਰ ਕੇ ਅਸੀਂ ਬੱਸ ਰਾਹੀਂ ਹੈਨੋਈ ਸ਼ਹਿਰ ਆ ਗਏ ਅਤੇ ਹੋਟਲ ਬਾਡਿਨ੍ਹ ਵਿੱਚ ਰਾਤ ਗੁਜ਼ਾਰੀ। ਇੱਥੇ ਅਸੀਂ ਹੈਨੋਈ ਸ਼ਹਿਰ ਦੇਖਿਆ ਜੋ ਦੇਸ਼ ਦੀ ਰਾਜਧਾਨੀ ਹੋਣ ਕਾਰਨ ਆਧੁਨਿਕਤਾ ਵਿੱਚ ਰੰਗਿਆ ਹੋਇਆ ਸੀ। ਇਨ੍ਹਾਂ ਇਮਾਰਤਾਂ ਵਿੱਚ ਫਰਾਂਸੀਸੀ ਇਮਾਰਤਸਾਜ਼ੀ ਝਲਕ ਮਾਰਦੀ ਸੀ। ਇਸ ਸ਼ਹਿਰ ਵਿੱਚ ਬਾ ਡਿਨ੍ਹ ਖੇਤਰ ਵਿੱਚ ਸਥਿਤ ਹੋ ਚੀ ਮਿਨ੍ਹ ਅਜਾਇਬ ਘਰ, ਰਾਸ਼ਟਰਪਤੀ ਭਵਨ, ਪਾਰਲੀਮੈਂਟ ਹਾਊਸ, ਹੈਨੋਈ ਵੈਸਟ ਲੇਕ ਵਿੱਚ ਸਥਿਤ 1500 ਸਾਲ ਪੁਰਾਣਾ ਟਰਾਂਨ ਕੁਅਕ ਪੈਗੋਡਾ ਵੇਖਿਆ। ਸੰਨ 1959 ਵਿੱਚ ਭਾਰਤ ਦੇ ਰਾਸ਼ਟਰਪਤੀ ਡਾ.ਰਾਜਿੰਦਰ ਪ੍ਰਸ਼ਾਦ ਨੇ ਇਸ ਬੋਧੀ ਮੰਦਰ ਦੇ ਦਰਸ਼ਨ ਕੀਤੇ ਸਨ। ਇਸ ਤੋਂ ਸਾਨੂੰ 1000 ਸਾਲ ਪੁਰਾਣੇ ਹੈਨੋਈ ਸ਼ਹਿਰ ਦੀ ਪੁਰਾਤਨਤਾ ਦੇ ਦਰਸ਼ਨ ਹੋਏ।



ਅਗਲੀ ਰਾਤ ਅਸੀਂ ਨਿੰਨ੍ਹ ਬਿਨ੍ਹ ਸੂਬੇ ਵਿੱਚ ਪਹਾੜਾਂ ਦੇ ਪੈਰਾਂ ਵਿੱਚ ਬਣੇ ਖੂਬਸੂਰਤ ਹੋਟਲ, ਐਥੀਨਾ ਪ੍ਰਾਈਮ ਵਿੱਚ ਬਿਤਾਈ। ਇੱਥੋਂ ਅਸੀਂ ਤਰਾਂਗ ਐਨ ਝੀਲ ਵਿੱਚ ਇੱਕ ਸਾਦਾ ਜਿਹੀ ਕਿਸ਼ਤੀ ਵਿੱਚ 2 ਘੰਟੇ ਤੱਕ ਸੈਰ ਕੀਤੀ। ਇਹ ਖੂਬਸੂਰਤ ਪਹਾੜੀਆਂ ਅਤੇ ਵੈਲੀਜ਼ ਵਿੱਚੋਂ ਲੰਘਦੀ ਝੀਲ ਹੈ। ਕਿਸ਼ਤੀ ਇਸ ਵਿੱਚ ਬਣੀਆਂ ਤੰਗ ਗੁਫਾਵਾਂ ਅਤੇ ਸਿਰ ਨਾਲ ਛੂੰਹਦੀਆਂ ਪਹਾੜੀਆਂ ਵਿੱਚੋਂ ਲੰਘਦੀ ਹੈ ਤਾਂ ਕੁਦਰਤ ਅਤੇ ਮਨੁੱਖੀ ਸਿਰਜਣ ਸ਼ਕਤੀ ਦਾ ਅਹਿਸਾਸ ਹੁੰਦਾ ਹੈ। ਇਸ ਦੇ ਪਾਣੀ ਦੀ ਸਵੱਛਤਾ, ਸ਼ੁੱਧ ਹਵਾ ਅਤੇ ਹਰਾਭਰਾ ਆਲਾਦੁਆਲਾ ਦੇਖਣਯੋਗ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਕਿਸ਼ਤੀਆਂ ਸੈਲਾਨੀਆਂ ਨੂੰ ਸੈਰ ਕਰਵਾਉਂਦੀਆਂ ਹਨ ਜਿਨ੍ਹਾਂ ਨੂੰ ਜ਼ਿਆਦਾਤਰ ਲੜਕੀਆਂ ਹੀ ਚਲਾਉਂਦੀਆਂ ਹਨ। ਇਸ ਉਪਰੰਤ ਅਸੀਂ ਸੱਤ ਕਿਲੋਮੀਟਰ ਦੂਰ ਹੋਆ ਲੂ ਵਿਖੇ ਦੇਸ਼ ਦੀ ਪੁਰਾਣੀ ਰਾਜਧਾਨੀ ਦੇਖਣ ਗਏ। ਇੱਥੇ ਦਸਵੀਂ ਸਦੀ ਵਿੱਚ ਵੀਅਤਨਾਮ ਦੀਆਂ ਪਹਿਲੀਆਂ ਤਿੰਨ ਰਾਜਾਸ਼ਾਹੀਆਂ-ਡਿੰਨ, ਲੇ ਅਤੇ ਲਾਇ ਦੇ ਮੁਖੀਆਂ ਦੇ ਪੂਜਾ ਸਥਾਨਾਂ ਅਤੇ ਰਾਜ ਦਰਬਾਰਾਂ ਨੂੰ ਦੇਖਣ ਦਾ ਮੌਕਾ ਮਿਲਿਆ ਕਿ ਕਿਵੇਂ ਲੋਕ ਆਪਣੇ ਮੁਖੀਆਂ ਨੂੰ ਰੱਬ ਵਾਂਗ ਪੂਜਦੇ ਸਨ। ਇਹ ਬੋਧੀ

ਮੰਦਰ ਹਨ ਜੋ ਹੁਣ ਕੇਵਲ ਸੈਲਾਨੀਆਂ ਦੇ ਦੇਖਣ ਲਈ ਹੀ ਹਨ। ਇੱਥੇ ਕੋਈ ਪੂਜਾ ਨਹੀਂ ਹੁੰਦੀ।

ਇਸ ਤੋਂ ਅਗਲੇ ਦਿਨ ਅਸੀਂ ਵੀਅਤਨਾਤਮ ਦੇ ਪੂਰਬ ਵਿੱਚ ਹਾਲੌਂਗ ਖਾੜੀ ਦੇਖਣ ਗਏ ਜੋ ਕਿ ਆਪਣੀ ਕੁਦਰਤੀ ਸੁੰਦਰਤਾ ਅਤੇ ਅਚੰਭਾਭਰਪੂਰ ਦ੍ਰਿਸ਼ਾਂ ਕਰ ਕੇ ਯੂਨੈਸਕੋ ਵਲੋਂ ਵਰਲਡ ਨੈਚੂਰਲ ਹੈਰੀਟੇਜ ਵਜੋਂ ਮਾਨਤਾਪ੍ਰਾਪਤ ਹੈ। ਇੱਥੇ ਅਸੀਂ ਇਕ ਛੋਟੇ ਸਮੁੰਦਰੀ ਜਹਾਜ਼ (ਡੇਅ ਕਰੂਜ਼) ਵਿੱਚ ਨਾਸ਼ਤਾ ਕੀਤਾ ਅਤੇ ਚਾਰੇ ਪਾਸੇ ਸਮੁੰਦਰ ਵਿੱਚੋਂ ਉੱਭਰੀਆਂ ਚੂਨੇ ਦੀਆਂ ਖ਼ੂਬਸੂਰਤ ਪਹਾੜੀਆਂ ਦਾ ਆਨੰਦ ਮਾਣਿਆਂ। ਦਾਓ ਗੋ ਦੀਪ ਸਮੂਹ  ਵਿਖੇ ਪਹੁੰਚ ਕੇ ਅਸੀਂ ਕਰੂਜ਼ ਵਿੱਚੋਂ ਉਤਰ ਕੇ ਦਾਓ ਗੋ ਗੁਫਾ ਦੇਖੀ। ਜਵਾਲਾਮੁਖੀ ਵਿਸਫੋਟਾਂ ਨਾਲ 781000 ਤੋਂ 11700 ਸਾਲ ਪਹਿਲਾਂ ਬਣੀ ਇਹ ਗੁਫ਼ਾ 5000 ਵਰਗ ਮੀਟਰ ਵਿੱਚ ਫੈਲੀ ਹੋਈ ਹੈ। ਇਹ ਤਿੰਨ ਹਿੱਸਿਆਂ ਵਿੱਚ ਵੰਡੀ ਹੋਈ ਹੈ। ਇਸ ਦੀ ਸੁੰਦਰਤਾ ਹੈਰਾਨੀਭਰਪੂਰ ਹੈ। ਇਨ੍ਹਾਂ ਗੁਫਾਵਾਂ ਵਿੱਚ ਛੱਤ ਤੋਂ ਲਟਕਦੇ ਅਤੇ ਹੇਠੋਂ ਉੱਪਰ ਵੱਲ ਜਾਦੇ ਚੂਨੇ ਅਤੇ ਸੰਗਮਰਮਰ ਦੇ ਸਤੰਭ ਹਨ ਜੋ ਕਿ ਗੁਫਾਵਾਂ ਵਿੱਚ ਜਮ੍ਹਾਂ ਹੋਏ ਖਣਿਜ ਪਦਾਰਥਾਂ ਤੋਂ ਬਣੇ ਹੋਏ ਹਨ। ਵਾਧੂ ਕੈਲਸ਼ੀਅਮ ਗੁਫਾਵਾਂ ਦੀਆਂ ਛੱਤਾਂ, ਫਰਸ਼ਾਂ ਅਤੇ ਕੰਧਾਂ 'ਤੇ ਜਮ੍ਹਾਂ ਹੋਣ ਨਾਲ ਅਜੀਬ ਸ਼ਕਲਾਂ ਬਣੀਆਂ ਹੋਈਆਂ ਹਨ। ਇਹ ਵਿਸ਼ਵ ਦੀਆਂ ਸੱਤ ਅਚੰਭਾਜਨਕ ਥਾਵਾਂ ਵਿੱਚੋ 'ਇੱਕ ਹੈ ਜਿਨ੍ਹਾਂ ਨੂੰ 'ਕੇਵ ਵੰਡਰ' ਨਾਮ ਨਾਲ ਜਾਣਿਆਂ ਜਾਂਦਾ ਹੈ। ਜਾਪਦਾ ਹੈ ਕਿ ਕਿਸੇ ਸਮੇਂ ਇਹ ਗੁਫਾਵਾਂ ਸਮੁੰਦਰ ਵਿਚ ਡੁੱਬੀਆਂ ਹੋਣਗੀਆਂ ਜਿਸ ਕਾਰਨ ਭੂਮੀਜਲ ਜਮ੍ਹਾਂ ਹੋਣ ਨਾਲ ਇਨ੍ਹਾਂ ਨੇ ਅਜਿਹੀਆਂ ਹੈਰਾਨੀਜਨਕ ਸ਼ਕਲਾਂ ਧਾਰਨ ਕੀਤੀਆਂ ਹਨ। ਹੋ ਸਕਦਾ ਹੈ ਇਨ੍ਹਾਂ ਵਿੱਚ ਆਰੰਭਿਕ ਮਨੁੱਖਾਂ ਨੇ ਵਸੇਬਾ ਵੀ ਕੀਤਾ ਹੋਵੇ। ਇਹ ਗੁਫਾਵਾਂ ਮਨੁੱਖੀ ਇਤਿਹਾਸ ਦੀ ਖੋਜ ਕਰਨ ਵਿੱਚ ਸਹਾਇਕ ਹੋ ਸਕਦੀਆਂ ਹਨ। 1957 ਵਿੱਚ ਇਨ੍ਹਾਂ ਗੁਫਾਵਾਂ ਨੂੰ ਦੇਸ਼ ਦੇ ਰਾਸ਼ਟਰਪਤੀ ਹੋ ਚੀ ਮਿਨ੍ਹ ਦੇਖ ਕੇ ਕਿਹਾ ਸੀ, 'ਇਨ੍ਹਾਂ ਕੁਦਰਤੀ ਤੋਹਫਿਆਂ ਦੀ ਸੁੰਦਰਤਾ ਨੂੰ ਸ਼ਬਦਾਂ ਵਿੱਚ ਬਿਆਨਣਾ ਅਸੰਭਵ ਹੈ, ਇਨ੍ਹਾਂ ਨੂੰ ਕੇਵਲ ਦੇਖ ਕੇ ਮਾਣਿਆਂ ਹੀ ਜਾ ਸਕਦਾ ਹੈ। ਅਜਿਹੀਆਂ ਥਾਵਾਂ ਭਾਰਤ ਵਿੱਚ ਵੀ ਹਨ ਪਰ ਅਸੀਂ ਇਨ੍ਹਾਂ ਨੂੰ ਅਗੰਮੀ ਮੰਨ ਕੇ ਪੂਜਦੇ ਅਤੇ ਮੱਥਾ ਟੇਕਦੇ ਹਾਂ ਜਦੋਂਕਿ ਵੀਅਤਨਾਮੀਆਂ ਨੇ ਕੁਦਰਤ ਦੀਆਂ ਇਨ੍ਹਾਂ ਨਿਆਮਤਾਂ ਨੂੰ ਦੇਸ਼ ਦੀ ਦੌਲਤ ਸਮਝ ਕੇ ਸੰਭਾਲ ਕੇ ਰੱਖਿਆ ਹੋਇਆ ਹੈ।

ਉੱਤਰ ਵੱਲ ਚੀਨ, ਪੱਛਮ ਵੱਲ ਲਾਓਸ ਤੇ ਥਾਈਲੈਂਡ ਅਤੇ ਪੂਰਬ ਵਿੱਚ ਦੱਖਣੀ ਚੀਨ ਸਮੁੰਦਰ ਵਿਚਕਾਰ ਘਿਰਿਆ ਵੀਅਤਨਾਮ 331000 ਵਰਗ ਕਿਲੋਮੀਟਰ ਖੇਤਰ ਵਿੱਚ ਫੈਲਿਆ, 100 ਮਿਲੀਅਨ ਆਬਾਦੀ  ਵਾਲਾ ਕਮਿਊਨਿਸਟ ਦੇਸ਼ ਹੈ। ਇਸ ਦੇ 86% ਲੋਕ ਕਿਸੇ ਵੀ ਧਰਮ ਨੂੰ ਨਹੀਂ ਮੰਨਦੇ ਅਤੇ ਬਾਕੀ ਆਬਾਦੀ ਕੈਥੋਲਿਕਸ, ਬੋਧੀਆਂ, ਮੁਸਲਮਾਨਾਂ ਅਤੇ ਸਥਾਨਿਕ ਕਬੀਲਿਆਂ ਦੀ ਹੈ। ਇੱਥੇ 7ਵੀਂ ਪੂਰਵ ਈਸਵੀ ਵਿੱਚ  ਵਾਨ੍ਹ ਲਾਂਗ ਕਬੀਲੇ, ਤੀਜੀ ਪੂਰਵ ਈਸਵੀ ਵਿੱਚ ਔਲਕ ਕਬੀਲੇ ਨੇ ਰਾਜ ਕੀਤਾ ਅਤੇ 111 ਈ.ਪੂਰਵ ਵਿੱਚ ਇਸ ਨੂੰ ਚੀਨ ਦੇ ਹੰਨ ਕਬੀਲੇ ਨੇ ਆਪਣੇ ਅਧੀਨ ਕਰ ਲਿਆ। ਸੰਨ 939 ਈ ਵਿੱਚ ਇਸ ਨੇ ਚੀਨ ਤੋਂ ਆਜ਼ਾਦੀ ਹਾਸਲ ਕੀਤੀ ਅਤੇ 1802 ਵਿੱਚ ਨਗੁਇੰਨ ਸਾਮਰਾਜ ਕਾਇਮ ਹੋ ਗਿਆ ਜਿਸ ਨੇ 1883 ਵਿੱਚ ਫਰਾਂਸ ਅੱਗੇ ਗੋਡੇ ਟੇਕ ਦਿੱਤੇ ਜਿਸ ਨੇ ਇਸ ਨੂੰ ਫਰੈਂਚ ਇੰਡੋਚਾਈਨਾ ਵਿੱਚ ਮਿਲਾ ਦਿੱਤਾ। 20ਵੀਂ ਸਦੀ ਦਾ ਪਹਿਲਾ ਅੱਧ ਇਸ ਦੇਸ਼ ਦੇ ਲੋਕਾਂ ਨੇ ਆਜ਼ਾਦੀ ਦੇ ਸੰਘਰਸ਼ ਵਿੱਚ ਗੁਜ਼ਾਰਿਆ। ਦੂਜੀ ਸੰਸਾਰ ਜੰਗ ਤੋਂ ਬਾਅਦ ਇਸ ਦੇਸ਼ ਦੇ ਕਮਿਊਨਿਸਟ ਇਨਕਲਾਬੀ ਹੋ ਚੀ ਮਿਨ੍ਹ ਨੇ ਆਜ਼ਾਦੀ ਲਈ ਲੋਕ-ਅੰਦੋਲਨ ਸ਼ੁਰੂ ਕੀਤਾ ਅਤੇ 1945 ਵਿੱਚ ਜਾਪਾਨ ਤੋਂ ਆਜ਼ਾਦੀ ਹਾਸਲ ਕਰ ਲਈ ਪਰ ਫਰਾਂਸ ਨੇ ਦੁਬਾਰਾ ਆਪਣਾ ਹੱਕ ਜਤਾਇਆ ਜਿਸ ਨੂੰ ਵੀਅਤਨਾਮੀ ਲੋਕ ਸੰਘਰਸ਼ ਨੇ ਪਛਾੜ ਦਿੱਤਾ ਅਤੇ ਦੇਸ਼ 1954 ਵਿੱਚ ਇੱਕ ਸੰਧੀ ਅਧੀਨ ਆਜ਼ਾਦ ਤਾਂ ਹੋ ਗਿਆ ਪਰ ਇਸ ਨੂੰ ਦੋ ਭਾਗਾਂ-ਉਤਰੀ ਵੀਅਤਨਾਮ ਅਤੇ ਦੱਖਣੀ ਵੀਅਤਨਾਮ ਵਿੱਚ ਵੰਡ ਦਿੱਤਾ ਗਿਆ। ਇਸ ਤੋਂ ਬਾਅਦ ਸੋਵੀਅਤ ਯੂਨੀਅਨ ਤੇ ਚੀਨ ਦੇ ਪ੍ਰਭਾਵ ਹੇਠ ਉੱਤਰੀ ਵੀਅਤਨਾਮ ਅਤੇ ਕਮਿਊਨਿਸਟ ਵਿਰੋਧੀ ਯੂ.ਐਸ.ਏ ਦੀ ਸਹਾਇਤਾ ਨਾਲ ਦੱਖਣੀ ਵੀਅਤਨਾਮ ਵਿਚਕਾਰ ਭਿਆਨਕ ਤੇ ਲੰਮੀ ਜੰਗ ਸ਼ੁਰੂ ਹੋ ਗਈ ਜਿਸ ਦਾ ਅੰਤ 1975 ਵਿੱਚ ਉੱਤਰੀ ਵੀਅਤਨਾਮ ਦੀ ਜਿੱਤ ਵਿੱਚ ਹੋਇਆ ਅਤੇ 1976 ਵਿੱਚ ਵੀਅਤਨਾਮ ਦੇ ਦੋਵੇਂ ਭਾਗ ਇਕੱਠੇ ਹੋ ਗਏ ਅਤੇ ਇਹ ਦੇਸ਼ ਕਮਿਊਨਿਸਟ ਪਾਰਟੀ ਅਧੀਨ ਯੂਨੀਟਰੀ ਸੋਸ਼ਲਿਸਟ ਸਟੇਟ ਬਣ ਗਿਆ। ਇਸ ਉਪਰੰਤ ਵੀ ਇਹ ਦੇਸ਼ 1986 ਤੱਕ ਚੀਨ ਅਤੇ ਕੰਬੋਡੀਆ ਨਾਲ ਲੜਾਈਆਂ ਵਿੱਚ ਉਲਝਿਆ ਰਿਹਾ ਜਿਸ ਨਾਲ ਇਸ ਦੀ ਆਰਥਿਕਤਾ 'ਤੇ ਬੁਰਾ ਪ੍ਰਭਾਵ ਪਿਆ। ਇਸ ਲਈ ਇਹ ਅਜੇ ਵੀ ਵਿਕਾਸਸ਼ੀਲ ਦੇਸ਼ ਹੈ। ਮੌਜੂਦਾ ਸੰਵਿਧਾਨ 2013 ਵਿੱਚ ਲਾਗੂ ਹੋਇਆ ਹੈ।

ਇਸ ਦੇਸ਼ ਦੀ ਉੱਤਰ ਤੋਂ ਦੱਖਣ ਤੱਕ ਲੰਬਾਈ ਬਹੁਤ ਹੈ ਜਦੋਂਕਿ ਚੌੜਾਈ 600 ਕਿਲੋਮੀਟਰ ਤੋਂ 50 ਕਿਲੋਮੀਟਰ ਤੱਕ ਹੈ। ਦੇਸ਼ ਦਾ ਸਭ ਤੋਂ ਵੱਡਾ ਸ਼ਹਿਰ ਹੋ ਚੀ ਮਿਨ੍ਹ, ਹੈਨੋਈ ਤੋਂ 1700 ਕਿਲੋਮੀਟਰ ਦੂਰ ਦੱਖਣੀ ਕਿਨਾਰੇ 'ਤੇ ਸਥਿਤ ਹੈ ਜਿਸ ਨੂੰ ਦੇਖਿਆ ਨਹੀਂ ਜਾ ਸਕਿਆ ਕਿਉਂਕਿ ਇਸ ਲਈ ਹੋਰ ਚਾਰ ਦਿਨ ਚਾਹੀਦੇ ਸਨ। ਇਸ ਦੇਸ਼ ਦੀ ਬਹੁਤੀ ਧਰਤੀ ਪਹਾੜੀ ਅਤੇ ਸੰਘਣੇ ਜੰਗਲਾਂ ਨਾਲ ਢਕੀ ਹੋਈ ਹੈ। ਇੱਥੇ ਅਲਮੀਨੀਅਮ ਦੀ ਕੱਚੀ ਧਾਤ ਬਾਕਸਾਈਟ ਦੇ ਭੰਡਾਰ ਹਨ। ਇਹ ਦੇਸ਼ ਪੈਟਰੋਲੀਅਮ ਦੇ ਉਤਪਾਦਨ ਵਿੱਚ ਵੀ ਅੱਠਵਾਂ ਵੱਡਾ ਏਸ਼ੀਅਨ ਦੇਸ਼ ਹੈ। ਇਸ ਦੇਸ਼ ਦੀ ਆਰਥਿਕਤਾ ਮੁੱਖ ਤੌਰ 'ਤੇ ਖੇਤੀਬਾੜੀ 'ਤੇ ਨਿਰਭਰ ਹੈ ਅਤੇ ਇਹ ਝੋਨੇ, ਚਾਹ, ਰਬੜ, ਕਾਜੂ, ਕਾਲੀ ਮਿਰਚ ਅਤੇ ਕੌਫੀ ਬਰਾਮਦ ਕਰਦਾ ਹੈ। ਬਹੁਤੇ ਲੋਕ ਮੱਛੀ ਅਤੇ ਕੇਂਕੜੇ ਆਦਿ

ਸਮੁੰਦਰੀ ਜੀਵਾਂ ਦੀ ਖੁਰਾਕ ਖਾਂਦੇ ਹਨ। ਇਸ ਦੇਸ਼ ਨੇ ਕੁੱਝ ਹੀ ਸਾਲਾਂ ਵਿੱਚ ਵਿਗਿਆਨਕ ਅਤੇ ਪੁਲਾੜੀ ਖੋਜ ਵਿੱਚ ਮਾਅਰਕੇ ਮਾਰੇ ਹਨ। ਇੱਥੇ ਬਹੁਤੇ ਲੋਕ ਸਾਈਕਲ, ਮੋਟਰਸਾਈਕਲ ਅਤੇ ਬੱਸਾਂ ਦੀ ਵਰਤੋਂ ਕਰਦੇ ਹਨ ਜਦੋਂਕਿ ਕਾਰਾਂ ਦੀ ਗਿਣਤੀ ਸੀਮਿਤ ਹੈ ਜਿਸ ਕਾਰਨ ਸੜਕਾਂ 'ਤੇ ਭਾਰਤ ਵਾਂਗ ਘੜਮੱਸ ਨਹੀਂ ਦਿਸਦਾ। ਇਸ ਦੇਸ਼ ਦੀ ਸਰਕਾਰ ਨੇ ਟੂਰਿਸਟ ਥਾਵਾਂ ਦੀ ਬਹੁਤ ਵਧੀਆ ਢੰਗ ਨਾਲ ਸੰਭਾਲ ਕੀਤੀ ਹੋਈ ਹੈ ਜਿਸ ਨਾਲ ਇਸ ਖੇਤਰ ਤੋਂ ਇਸ ਨੂੰ ਕਾਫੀ ਆਮਦਨ ਹੁੰਦੀ ਹੈ। ਇਸ ਦੇਸ਼ ਦੀ ਕਰੰਸੀ ਵੀਅਤਨਾਮੀ ਡੌਂਗ (ੜਂਧ)ਹੈ। ਇੱਕ ਡੌਂਗ, 0.0035 ਰੁਪਏ ਦੇ ਬਰਾਬਰ ਹੈ ਭਾਵ 289,46300 ਵੀਅਤਨਾਮੀ ਡੌਂਗ ਨਾਲ ਇੱਕ ਰੁਪਿਆ ਬਣਦਾ ਹੈ। ਇੱਥੇ ਅਮਰੀਕੀ ਡਾਲਰ ਵੀ ਚੱਲਦਾ ਹੈ।

ਇਸ ਦੇਸ਼ ਦੇ ਲੋਕ ਸੰਘਰਸ਼ਾਂ ਵਿੱਚੋਂ ਲੰਘੇ ਹੋਣ ਕਾਰਨ ਧਾਰਮਿਕ ਕਰਮ ਕਾਂਡਾਂ ਵਿੱਚ ਨਹੀਂ ਉਲਝਦੇ ਜਿਸ ਕਾਰਨ ਸੰਪਰਦਾਇਕ ਦੰਗੇ ਨਹੀਂ ਹੁੰਦੇ। ਇੱਥੇ ਪਹਿਲਾਂ ਬੁੱਧ ਧਰਮ ਦਾ ਦਬਦਬਾ ਰਿਹਾ ਹੈ ਜਿਸ ਦੇ ਹੁਣ ਕੇਵਲ ਚਿਨ੍ਹ ਹੀ ਰਹਿ ਗਏ ਹਨ ਜਿਨ੍ਹਾਂ ਨੂੰ ਸੈਰਸਪਾਟੇ ਦੇ ਸਥਾਨਾਂ ਵਜੋਂ ਸੰਭਾਲਿਆ ਗਿਆ ਹੈ। ਕਿਤੇ ਵੀ ਧਾਰਮਿਕ ਪੂਜਾ ਸਥਾਨ ਦਿਖਾਈ ਨਹੀਂ ਦਿੰਦੇ ਜਿਸ ਕਾਰਨ ਹਰ ਪਾਸੇ ਸ਼ਾਂਤ ਮਾਹੌਲ ਹੈ। ਇਮਾਰਤਾਂ ਅਤੇ ਸੜਕਾਂ ਦੇ ਕਿਨਾਰੇ ਕਿਸੇ ਰਾਜਨੀਤਿਕ ਪਾਰਟੀ ਜਾਂ ਸਰਕਾਰ ਦੇ ਬੋਰਡ ਨਹੀਂ ਲੱਗੇ ਹੋਏ, ਕੇਵਲ ਦੇਸ਼ ਦੇ ਕੌਮੀ ਝੰਡੇ ਹੀ ਦਿਸਦੇ ਹਨ। ਲੋਕ ਆਪਣੀ ਭਾਸ਼ਾ ਵੀਅਤਨਾਮੀ ਹੀ ਬੋਲਦੇ ਤੇ ਸਮਝਦੇ ਹਨ ਜਿਸ ਕਾਰਨ ਵਿਦੇਸ਼ੀ ਸੈਲਾਨੀਆਂ ਨੂੰ ਇਨ੍ਹਾਂ ਨਾਲ ਗੱਲਬਾਤ ਕਰਨ ਵਿੱਚ ਮੁਸ਼ਕਲ ਹੁੰਦੀ ਹੈ। ਚੰਗਾ ਹੋਵੇ ਜੇ ਸੈਰ ਸਪਾਟਾ ਸਥਾਨਾਂ ਅਤੇ ਹੋਟਲਾਂ ਵਿੱਚ ਅੰਗ੍ਰੇਜ਼ੀ ਭਾਸ਼ਾ ਬੋਲੀ ਜਾਵੇ। ਵੀਅਤਨਾਮ ਦਾ ਪੌਣ-ਪਾਣੀ ਭਾਰਤ ਨਾਲ ਮਿਲਦਾ ਜੁਲਦਾ ਹੀ ਹੈ। ਕੁਦਰਤ ਨੇ ਭਾਰਤ ਨੂੰ ਵੀ ਦਾਤਾਂ ਦੇਣ ਲੱਗਿਆਂ ਕੰਜੂਸੀ ਨਹੀਂ ਵਰਤੀ ਪਰ ਕਮੀ ਹੈ ਤਾਂ ਇਨ੍ਹਾਂ ਨੂੰ ਸੰਭਾਲਣ ਦੀ।

ਭਾਰਤੀ ਖਾਣਾ ਆਮ ਨਹੀਂ ਮਿਲਦਾ, ਕੇਵਲ ਵਿਸ਼ੇਸ਼ ਹੋਟਲਾਂ ਵਿੱਚ ਹੀ ਪ੍ਰਾਪਤ ਹੁੰਦਾ ਹੈ ਜਿਸ ਨਾਲ ਭਾਰਤੀ ਟੂਰਿਸਟਾਂ ਨੂੰ ਦਿੱਕਤ ਪੇਸ਼ ਆਉਂਦੀ ਹੈ। ਬੋਲੀ, ਕਰੰਸੀ ਅਤੇ ਖਾਣੇ ਦੀ ਮੁਸ਼ਕਲ ਦੇ ਮੱਦੇਨਜ਼ਰ, ਵੀਅਤਨਾਮ ਦੀ ਸੈਰ ਕਰਨ ਦਾ ਇਰਾਦਾ ਰੱਖਣ ਵਾਲੇ ਪੰਜਾਬੀਆਂ ਨੂੰ ਸਲਾਹ ਹੈ ਕਿ ਉਹ ਟੂਰਿਸਟ ਪ੍ਰਬੰਧਕਾਂ ਰਾਹੀਂ ਉਸ ਦੇਸ਼ ਵਿੱਚ ਸੈਰ ਸਪਾਟਾ ਕੇਂਦਰਾਂ, ਆਵਾਜਾਈ ਦੇ ਸਾਧਨਾਂ, ਹੋਟਲਾਂ ਅਤੇ ਖਾਣੇ ਲਈ ਅਗੇਤਾ ਹੀ ਪ੍ਰਬੰਧ ਕਰ ਕੇ ਜਾਣ। ਉਂਜ ਵੀਅਤਨਾਮ ਸੈਰ ਸਪਾਟੇ ਲਈ ਢੁਕਵਾਂ ਸਥਾਨ ਹੈ। ਇਨ੍ਹਾਂ ਸੱਤ ਦਿਨਾਂ ਦੌਰਾਨ ਵੀਅਤਨਾਮ ਦੀਆਂ ਯਾਦਾਂ ਦਿਲਾਂ ਵਿੱਚ ਸਾਂਭ ਕੇ ਅਸੀਂ 29 ਦਸੰਬਰ ਨੂੰ ਵਾਪਿਸ ਆਪਣੇ ਸ਼ਹਿਰ ਰੂਪਨਗਰ ਆ ਗਏ।

❉ ❉ ❉ ❉ ❉



## ਕਵਿਤਾ -ਕਲਜੁਗ

ਮਨਜੀਤ ਕੌਰ
ਅੰਬਾਲਵੀ

ਕਲਜੁਗ ਦੇ ਵਹਿੰਦੇ ਪਾਣੀਆਂ ਵਿੱਚ
ਇੱਕ ਤੂਫ਼ਾਨ ਆਇਆ ਮਨਚਲਾ।
ਦੇਹ ਦੇ ਉੱਤੇ ਪਾਰਦਰਸ਼ੀ
ਸ਼ੀਸ਼ਾ ਜਿਹਾ ਸੀ ਲਿਸ਼ਕਦਾ।
ਜਿਹਦੇ ਆਰਪਾਰ ਝਾਕਦਾ
ਕਲਜੁਗ ਦਾ ਕਾਲਾ ਰੂਪ ਜਿਹਾ।
ਤੋੜ ਕੇ ਹੱਦ-ਬੰਦੀਆਂ ਜਦੋਂ
ਸ਼ਰਮ-ਹਯਾ ਦਾ ਗਹਿਣਾ ਟੁੱਟ ਗਿਆ।
ਧੀ-ਭੈਣ ਦੀ ਆਬਰੂ ਦਾ
ਬਦਲ ਗਿਆ ਅੱਜ ਰੂਪ ਜਿਹਾ।

ਵੱਢ ਖਾਣੀਆਂ ਨਜ਼ਰਾਂ ਆਰ-ਪਾਰ
ਜਦੋਂ ਹਿੱਕ ਦੇ ਵਿੱਚੋਂ ਲੰਘਦੀਆਂ।
ਕਰਕੇ ਕਲੇਜਾ ਛਾਨਣੀ -ਛਾਨਣੀ
ਆਦਰਾਂ ਨੂੰ ਜਾਣ ਟੁੱਕਦੀਆਂ।
ਭ੍ਰਿਸ਼ਟਾਚਾਰ ਦੇ ਮਾਸ ਦੀਆਂ
ਖਾਣੀਆਂ ਪਈਆਂ ਨੇ ਬੋਟੀਆਂ।
ਨੇਤਾਵਾਂ ਨੇ ਵੀ ਕਾਲੇ ਧਨ ਦੀਆਂ
ਬੰਨ੍ਹ ਲਈਆਂ ਲੰਗੋਟੀਆਂ।

ਸੋਚਦੀ ਹਾਂ, ਇਹ ਕਲਜੁਗ ਹੈ
ਜਾਂ ਹੈ ਕੋਈ ਤੂਫ਼ਾਨੀ ਵੇਗ!
ਜਾਂ ਹਵਾ ਦਾ ਰੁਖ ਬਦਲਿਆ
ਜਾਂ ਕੋਈ ਸਮੇਂ ਦਾ ਫੇਰ!
ਪਰ ਨਹੀਂ ਇਹ ਸਮੇਂ ਦਾ ਮੋੜ ਨਹੀਂ
ਇਸ ਉਮਰ ਦਾ ਸੁਖਾਵਾਂ ਦੌਰ ਵੀ ਨਹੀਂ!
ਇਹ ਤਾਂ ਮਨੁੱਖ ਦੇ
ਬਦਲੇ ਹੋਏ ਨਜ਼ਰੀਏ ਨੇ
ਆਪ ਸਿਰਜਿਆ ਇੱਕ ਸਮਾਜ ਹੈ।
ਕਲਜੁਗ ਦਾ ਸਿਰਜਕ ਤਾਂ
ਉਹ ਆਪ ਹੈ!

❉ ❉ ❉ ❉ ❉

## ਜੀਵਨ-ਜਾਚ, "ਚੱਲ ਛੱਡੋ"

ਜਿਵੇਂ ਪਾਣੀ ਵਹਿੰਦਾ ਹੀ ਸੋਹਣਾ ਲਗਦਾ ਹੈ, ਠੀਕ ਉਸੇ ਤਰ੍ਹਾਂ ਜ਼ਿੰਦਗੀ ਵੀ ਚੱਲਦੀ ਹੀ ਸੋਹਣੀ ਲਗਦੀ ਹੈ। ਇਹ ਤਾਂ ਹੀ ਚੱਲਦੀ ਰਹੇਗੀ ਜਦੋਂ ਅਸੀਂ ਛੋਟੀਆਂ ਮੋਟੀਆਂ ਘਟਨਾਵਾਂ ਨੂੰ ਭੁੱਲਣ ਦੀ ਜਾਂਚ ਸਿੱਖਾਂਗੇ ਅਤੇ " ਚੱਲ ਛੱਡੋ" ਦੀ ਪਹੁੰਚ ਅਪਣਾਵਾਂਗੇ।

## DO YOU KNOW ?

By Anaad Singh
aged 10 Years
Dallas (USA)



- Why do our ears produce earwax? :

Earwax moisturises our skin of the ear canal and protects it. Earwax also fights against infections and traps dirt, dust, and other things so that they cannot enter the eardrum.

- Why do babies have more bones than adults?

At birth a baby has 300 bones, but 94 join together at early childhood. This results in the 206 bones that adults have.

- Why can't we breathe and swallow at the same time?

The Pharynx is a common passage for food and air in the body. When we swallow food, the body prevents the entry of food in the respiratory tract and as a result breathing has to stop.

- Why do certain scents invoke memories? :

The parts of the brain that process emotions, memory and our learning are also the same parts that process odours. That is why our sense of smell is able to invoke memories.

- Why are aeroplane windows round? :

Aeroplane windows are round to evenly distribute the air pressure and reduce the likelihood of a cracked window for safety.

- Why do we see the moon in the day some times?

Moon has to be over the horizon to be visible. It is in that position for 12 hours on average and sometimes that coincides with daylight time.

- Why is the sky blue?

Sunlight is white and made up of seven colours. When sunlight passes through the atmosphere of earth, it gets scattered and since blue is the colour with the shortest wavelength it scatters more and we see the sky blue.

- Why don't oceans freeze?

Oceans do not freeze due to the high concentration of salt, and earth's internal heat and ocean currents.

- Why do we have leap years?

Earth takes 365.25 days to complete one rotation around the Sun. To adjust this extra quarter, we add one day to the calendar every four years. This is called a leap year

❊ ❊ ❊ ❊ ❊

## GREAT DONOR

Martial Art legend actor and global icon Jackie Chan has decided to donate his entire 4000 crore rupees wealth to a charity and has not given a single penney to his son, Jaycee Chan. He says, “if he (his son) is capable he can make his own money, If he is not then he will just be wasting mine”.



Over the years Jackie has supported hundred of causes for disaster relief, education and wildlife protection.

He is 71 years old and belongs to Hongkong (China). He is famous for performing stunts. His present film is “The Karate Kid”. He was received “Honourary Oscar” for service to film industry.

## MATURITY

Maturity is when you stop asking people, 'why they do not call or text you anymore. You just notice the change and accept it, no drama, no fights. You just walk away, smile and keep living your life.



ਕਵਿਤਾ

## ਮੈਨੂੰ ਇਹ ਪੰਜਾਬ ਚਾਹੀਦਾ

ਸ਼ਮਿੰਦਰ ਸਿੰਘ
ਭੱਕੂਮਾਜਰਾ

ਭਾਗੋ ਦੇ ਪਕਵਾਨ ਨਾ ਮੰਗਾਂ,
ਲਾਲੋ ਜਿਹਾ ਕਿਰਦਾਰ ਚਾਹੀਦਾ।
ਵਲੀ ਕੰਧਾਰੀ ਜਿਹਾ ਘਮੰਡੀ ਨਹੀਓਂ,
ਰਾਇ ਬੁਲਾਰ ਜਿਹਾ ਸੇਵਾਦਾਰ ਚਾਹੀਦਾ।
ਬਾਬਰ ਵਰਗਾ ਹੋਵੇ ਨਾ ਜਾਬਰ,
ਸਭ ਸੁਖਾਲੀ ਵੱਸਣ ਜਿੱਥੇ,
ਨਾਨਕ ਦਾ ਹਲੇਮੀ ਰਾਜ ਚਾਹੀਦਾ,
ਮੈਨੂੰ ਇਹ ਪੰਜਾਬ ਚਾਹੀਦਾ।

ਬਾਦਸ਼ਾਹ ਨਾਲ ਜੋੜ ਕੇ ਰਿਸ਼ਤੇ,
ਮਾਨ ਸਿੰਘ ਰਾਜਪੂਤ ਕਹਾਵੇ।
ਭੈਣਾਂ ਦੇ ਡੋਲ਼ੇ ਦੇਣ ਵਾਲਾ, ਇਸ ਧਰਤੀ 'ਤੇ ਪੈਰ ਨਾ ਪਾਵੇ।
ਹਲ਼ ਵਾਹਕਾਂ ਨੂੰ ਭੋਂ ਮਾਲਕ ਬਣਾਵੇ,
ਨਾਨਕਸ਼ਾਹੀ ਰਾਜ ਚਲਾਵੇ,
ਉਹ ਬੰਦਾ ਸਿੰਘ ਸਰਦਾਰ ਚਾਹੀਦਾ,
ਮੈਨੂੰ ਇਹ ਪੰਜਾਬ ਚਾਹੀਦਾ।

ਦੀਵਾਨ ਨਾ ਹੋਵੇ ਸੁੱਚਾ ਨੰਦ ਜਿਹਾ,
ਲਖਪਤ ਜਾਂ ਲਛਮੀ ਨਾਰਾਇਣ ਨਾ ਹੋਵੇ।
ਦੀਵਾਨ ਦਰਬਾਰਾ ਸਿੰਘ ਜਿਹਾ ਹੋਵੇ ਤਿਆਗੀ,
ਕੌੜਾ ਮੱਲ ਜਿਹਾ ਮਿੱਠਾ ਹੋਵੇ।
ਨਾਦਰ ਅਬਦਾਲੀ ਦਾ ਭੰਨੂ ਜਬਾੜਾ,
ਧੀਆਂ ਭੈਣਾਂ ਦੀ ਕਰੇ ਜੋ ਰਾਖੀ,
ਜੱਸਾ ਸਿੰਘ ਕਲਾਲ ਚਾਹੀਦਾ,
ਮੈਨੂੰ ਇਹ ਪੰਜਾਬ ਚਾਹੀਦਾ।

ਤਾਰੂ ਸਿੰਘ ਜਿਹੇ ਧਰਮੀ ਯੋਧੇ,
ਹਕੀਕਤ ਰਾਇ ਜਿਹੇ ਅਣਖੀ ਹੋਵਣ।
ਜਰਨੈਲ ਹੋਵੇ ਹਰੀ ਸਿੰਘ ਨਲੂਆ ਵਰਗਾ,
ਡੋਗਰਿਆਂ ਜਿਹੇ ਗੱਦਾਰ ਨਾ ਹੋਵਣ।
ਮਿਸਰ ਪੂਰਬੀਏ ਮੱਕਾਰ ਨਾ ਹੋਵਣ,
ਹਾਕਮ ਹੋਵੇ ਲਹਿਣਾ ਸਿੰਘ ਭੰਗੀ ਵਰਗਾ,
ਮਹਾਰਾਜਾ ਸ਼ੇਰ-ਏ-ਪੰਜਾਬ ਚਾਹੀਦਾ,
ਮੈਨੂੰ ਇਹ ਪੰਜਾਬ ਚਾਹੀਦਾ।

ਜੁਮਲਾ ਸਾਡਾ ਕੁੱਝ ਨਾ ਸਵਾਰੇ,
ਭੰਡ ਮਸ਼ਕਰੀ ਨਾ ਹੋਣ ਗੁਜ਼ਾਰੇ।
ਮੁਫ਼ਤੋਂ ਬਿਜਲੀ ਮੂਲ ਨਾ ਮੰਗੀਏ,
ਬੱਸਾਂ ਦੇ ਵਿੱਚ ਬਹਿੰਦੇ ਸੰਗੀਏ।
ਨਸ਼ਾਮੁਕਤ ਪੰਜਾਬ ਕਰ ਦਿਓ,
ਭੱਕੂਮਾਜਰਾ ਗੱਲ ਇਹ ਕਰਦਾ।
ਹਰ ਹੱਥ ਨੂੰ ਰੁਜ਼ਗਾਰ ਚਾਹੀਦਾ,
ਮੈਨੂੰ ਇਹ ਪੰਜਾਬ ਚਾਹੀਦਾ।

## ਗਿਆਨ ਅਤੇ ਅਗਿਆਨ

ਇੱਕ ਵਾਰ ਪ੍ਰਸਿੱਧ ਚਿੰਤਕ ਖਲੀਲ ਜਿਬਰਾਨ ਨੂੰ ਇੱਕ ਸ਼ਰਧਾਲੂ ਨੇ ਪੁੱਛਿਆ, "ਤੁਸੀਂ ਪ੍ਰਵਚਨ ਵਿੱਚ ਕਿਹਾ ਸੀ ਕਿ ਕਦੇ-ਕਦੇ ਗਿਆਨ, ਅਗਿਆਨ ਨਾਲੋਂ ਵੀ ਖ਼ਤਰਨਾਕ ਹੁੰਦਾ ਹੈ। ਕੀ ਸਚੁਮੱਚ ਅਜਿਹਾ ਹੁੰਦਾ ਹੈ?" ਖ਼ਲੀਲ ਜਿਬਰਾਨ ਨੇ ਸ਼ਰਧਾਲੂ ਨੂੰ ਕੋਲ ਬਿਠਾ ਕੇ ਕਿਹਾ, "ਹਾਂ! ਜਦੋਂ ਗਿਆਨ ਇੰਨਾਂ ਘੁਮੰਡੀ ਹੋ ਜਾਵੇ ਕਿ ਉਹ ਰੋ ਨਾ ਸਕੇ, ਇੰਨਾਂ ਗੰਭੀਰ ਹੋ ਜਾਵੇ ਕਿ ਹੱਸ ਨਾ ਸਕੇ ਅਤੇ ਇੰਨਾਂ ਆਤਮ-ਕੇਂਦਰਿਤ ਹੋ ਜਾਵੇ ਕਿ ਆਪਣੇ ਤੋਂ ਸਿਵਾਏ ਕਿਸੇ ਨੂੰ ਪਛਾਣ ਨਾ ਸਕੇ, ਤਾਂ ਅਜਿਹਾ ਗਿਆਨ, ਅਗਿਆਨ ਨਾਲੋਂ ਵੀ ਵਧੇਰੇ ਖ਼ਤਰਨਾਕ ਅਤੇ ਹਾਨੀਕਾਰਕ ਹੁੰਦਾ ਹੈ"।

### ਸ਼ਰਧਾਂਜਲੀ

ਅਦਾਰਾ ਸੈਣੀ ਸੰਸਾਰ, ਮਹਾਨ ਯੋਧੇ ਅਤੇ ਬੇਜ਼ਮੀਨੇ ਕਿਸਾਨਾਂ ਦੇ ਰਖਵਾਲੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਉਨ੍ਹਾਂ ਦੇ 309ਵੇਂ ਸ਼ਹੀਦੀ ਦਿਵਸ 'ਤੇ ਸ਼ਰਧਾਪੂਰਬਕ ਸ਼ਰਧਾਂਜਲੀ ਭੇਂਟ ਕਰਦਾ ਹੈ।



ਜੀਵਨ ਜਾਚ

# ਜ਼ਿੰਦਗੀ ਨੂੰ ਸੋਹਣੀ ਤੇ ਸੁਚੱਜੀ ਤਰ੍ਹਾਂ ਗੁਜ਼ਾਰਨਾ ਵੀ ਹੈ ਕਲਾ

ਸੰਜੀਵ ਸਿੰਘ ਸੈਣੀ
ਮੋਹਾਲੀ



ਜ਼ਿੰਦਗੀ ਇੱਕ ਸਫ਼ਰ ਹੈ। ਇਹ ਇੱਕ ਰੰਗਮੰਚ ਦੀ ਤਰ੍ਹਾਂ ਹੈ। ਹਰ ਇਨਸਾਨ ਜ਼ਿੰਦਗੀ ਦਾ ਹਿੱਸਾ ਹੈ। ਜਨਮ ਤੋਂ ਲੈ ਕੇ ਅੱਖਾਂ ਮੀਟਣ ਤੱਕ ਇਨਸਾਨ ਨੂੰ ਪਤਾ ਨਹੀਂ ਕਿੰਨੀਆਂ ਹੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਵੀ ਜ਼ਰੂਰੀ ਨਹੀਂ ਹੁੰਦਾ ਕਿ ਹਰ ਕੰਮ ਵਿੱਚ ਸਫ਼ਲਤਾ ਮਿਲੇ। ਚੁਣੌਤੀਆਂ ਦਾ ਡਟ ਕੇ ਸਾਹਮਣਾ ਕਰਨ ਵਾਲਾ ਇਨਸਾਨ ਹੀ ਮੁਕਾਮ ਹਾਸਿਲ ਕਰ ਲੈਂਦਾ ਹੈ। ਜੀਵਨ ਅਗਾਂਹਵਧੂ ਸੋਚ ਦਾ ਨਾਮ ਹੈ। ਸਫ਼ਰ ਦੌਰਾਨ ਮਨੁੱਖ ਨੂੰ ਟੀਚਾ ਹਾਸਲ ਕਰਨ ਦੀ ਚਾਹ ਅਤੇ ਕੁੱਝ ਡਰ ਵੀ ਹੁੰਦਾ ਹੈ। ਜਦੋਂ ਇਨਸਾਨ ਮਨ ਚਾਹਿਆ ਟੀਚਾ ਹਾਸਿਲ ਕਰ ਲੈਂਦਾ ਹੈ ਤਾਂ ਜਿਹੜੇ ਜਿਹੜੇ ਰਾਹਾਂ 'ਤੇ ਉਸ ਨੂੰ ਔਕੜਾਂ ਆਈਆਂ, ਉਨ੍ਹਾਂ ਰਾਹਾਂ ਨੂੰ ਯਾਦ ਕਰ ਕੇ ਉਹ ਭਾਵੁਕ ਵੀ ਹੋ ਜਾਂਦਾ ਹੈ। ਨਕਾਰਾਤਮਕ ਵਿਚਾਰਾਂ ਤੋਂ ਹਮੇਸ਼ਾਂ ਦੂਰ ਰਹਿਣਾ ਚਾਹੀਦਾ ਹੈ। ਜਦੋਂ ਅਸੀਂ ਟੀਚਾ ਮਿੱਥ ਲਿਆ ਕਿ ਮੈਂ ਇਹ ਹਰ ਹਾਲਤ ਵਿੱਚ ਹਾਸਲ ਕਰਨਾ ਹੈ ਤਾਂ ਸਾਨੂੰ ਆਪਣੇ ਆਲੇ ਦੁਆਲੇ ਬਹੁਤ ਚੀਜ਼ਾਂ ਨੂੰ ਅਣਗੌਲਿਆਂ ਕਰਨਾ ਪੈਂਦਾ ਹੈ। ਕਈ ਗੱਲਾਂ ਦਾ ਸਾਨੂੰ ਜਵਾਬ ਤੱਕ ਨਹੀਂ ਦੇਣਾ ਹੁੰਦਾ ਹੈ। ਮੌਨ ਧਾਰਨ ਕਰ ਲੈਣਾ ਪੈਂਦਾ ਹੈ। ਜਦੋਂ ਅਸੀਂ ਉਨ੍ਹਾਂ ਦੀਆਂ ਗੱਲਾਂ ਸੁਣਨ ਲਗ ਜਾਂਦੇ ਹਾਂ ਤਾਂ ਨਾਂਹਪੱਖੀ ਵਿਚਾਰ ਸਾਡੇ ਅੰਦਰ ਆਉਣੇ ਸ਼ੁਰੂ ਹੋ ਜਾਂਦੇ ਹਨ। ਅਜਿਹੇ ਵਿਚਾਰਾਂ ਕਰ ਕੇ ਸਾਡਾ ਰਸਤਾ ਹਾਸ਼ੀਏ 'ਚ ਤਬਦੀਲ ਹੋ ਜਾਂਦਾ ਹੈ।

ਕਈ ਵਾਰ ਅਸੀਂ ਆਪਣੇ ਆਪ ਨੂੰ ਜ਼ਿਆਦਾ ਹੀ ਗਿਆਨਵਾਨ ਸਮਝ ਲੈਂਦੇ ਹਾਂ। ਅਸੀਂ ਗਿਆਨ ਵੰਡਣਾ ਸ਼ੁਰੂ ਕਰ ਦਿੰਦੇ ਹਾਂ। ਗਿਆਨ ਗੁਰੂ ਹੋਣ ਦਾ ਅਸੀਂ ਭਰਮ ਪਾਲ ਬੈਠਦੇ ਹਾਂ। ਸਾਨੂੰ ਇਹ ਹੁੰਦਾ ਹੈ ਕਿ ਸਾਹਮਣੇ ਵਾਲਾ ਸਾਡੇ ਤੋਂ ਜ਼ਿਆਦਾ ਬੁੱਧੀਮਾਨ ਤੇ ਹੁਸ਼ਿਆਰ ਨਹੀਂ ਹੈ। ਅਜਿਹੇ ਹਾਲਤਾਂ ਵਿੱਚ ਅਸੀਂ ਆਪਣਾ ਮਨ ਚਾਹਿਆ ਟੀਚਾ ਹਾਸਿਲ ਨਹੀਂ ਕਰ ਪਾਉਂਦੇ। ਥੋੜ੍ਹਾ ਜਿਹਾ ਗਿਆਨ ਅਸੀਂ ਕੀ ਇਕੱਠਾ ਕਰ ਲਿਆ ਅਸੀਂ ਹੋਰਾਂ ਨੂੰ ਬੁੱਧੂ ਗਿਣਨਾ ਸ਼ੁਰੂ ਕਰ ਦਿੰਦੇ ਹਾਂ। ਕਈ ਵਾਰ ਸਾਡੇ ਸਾਹਮਣੇ ਬਹੁਤ ਜ਼ਿਆਦਾ ਗਿਆਨਵਾਨ ਬੰਦਾ ਹੁੰਦਾ ਹੈ। ਇਹ ਜ਼ਰੂਰੀ ਵੀ ਨਹੀਂ ਹੁੰਦਾ ਕਿ ਹਰ ਕਿਸੇ ਦੀ ਗੱਲ ਦਾ ਜਵਾਬ ਦਿੱਤਾ ਜਾਵੇ, ਕਈ ਵਾਰ ਹਾਲਾਤ ਅਜਿਹੇ ਹੋ ਜਾਂਦੇ ਹਨ ਕਿ ਖੁਦ ਨੂੰ ਸਮਝਾਉਣਾ ਪੈਂਦਾ ਹੈ। ਚਾਹੇ ਸਾਹਮਣੇ ਵਾਲਾ ਗਲਤ ਹੀ ਕਿਉਂ ਨਾ ਹੋਵੇ। ਆਪਣੇ ਆਪ ਲਈ ਸਮਾਂ ਕੱਢੋ। ਰਾਤ ਨੂੰ ਸੌਣ ਤੋਂ ਪਹਿਲਾਂ ਪੂਰੇ ਦਿਨ ਦਾ ਵਿਸ਼ਲੇਸ਼ਣ ਕਰੋ। ਪੂਰੇ ਦਿਨ ਦਾ ਕੀਤਾ ਮੂਲਾਂਕਣ ਤੁਹਾਨੂੰ ਮੁਸ਼ਕਲਾਂ ਨੂੰ ਹੱਲ ਕਰਨ ਵਿੱਚ ਸਹਾਈ ਹੁੰਦਾ ਹੈ। ਉਦਾਹਰਣ ਬਣੋ। ਜਿੰਨਾ ਹੋ ਸਕੇ ਘੱਟ ਬੋਲੋ। ਚੇਤੇ ਕਰਵਾ ਦੇਈਏ ਕਿ ਸੰਸਾਰ ਨੇ ਸਿਰਫ਼ ਨਤੀਜਿਆ ਨੂੰ ਹੀ ਕਬੂਲਿਆ ਹੈ। ਉਨ੍ਹਾਂ ਨਤੀਜਿਆਂ 'ਤੇ ਪਹੁੰਚਣ ਲਈ ਕਿੰਨੀਆਂ ਅੜਚਲਾਂ, ਕੋਸ਼ਿਸ਼ਾਂ ਦਾ ਸਾਹਮਣਾ ਇਨਸਾਨ ਨੇ ਕੀਤਾ ਹੋਣਾ, ਉਹ ਕਿਸੇ ਨੂੰ ਵੀ ਨਹੀਂ ਦਿਸਦਾ। ਸੀਮਿਤ ਸਾਧਨਾਂ ਦੇ ਬਾਵਜੂਦ ਜੋ ਇਨਸਾਨ ਚੁਣੌਤੀਆਂ ਨੂੰ ਖਿੜੇ ਮੱਥੇ ਪ੍ਰਵਾਨ ਕਰਦਾ ਹੈ, ਲਗਾਤਾਰ ਮਿਹਨਤ ਕਰਦਾ ਹੈ, ਉਹ ਮਨ ਚਾਹਿਆ ਮੁਕਾਮ ਹਾਸਿਲ ਕਰ ਲੈਂਦਾ ਹੈ। ਅਨੁਸ਼ਾਸਨ ਬਹੁਤ ਲਾਜ਼ਮੀ ਹੈ। ਪੁਰਾਣੇ ਤੇ ਘਟੀਆ ਵਿਚਾਰਾਂ ਦਾ ਤਿਆਗ ਕਰੋ। ਦਰਖਤਾਂ ਤੋਂ ਸਾਨੂੰ ਬਹੁਤ ਕੁੱਝ ਸਿੱਖਣ ਨੂੰ ਮਿਲਦਾ ਹੈ। ਪੱਤਝੜ ਦੌਰਾਨ ਪੁਰਾਣੇ ਪੱਤੇ ਝੜ ਜਾਂਦੇ ਹਨ ਤੇ ਨਵੇਂ ਪੱਤੇ ਆ ਜਾਂਦੇ ਹਨ ਤਾਂ ਜੋ ਉਹ ਰਾਹਗੀਰਾਂ ਨੂੰ ਛਾਂ ਦੇ ਸਕਣ।

ਸੰਘਰਸ਼ ਦੌਰਾਨ ਇਨਸਾਨ ਨੀਵਾਂ ਹੁੰਦਾ ਹੈ। ਉਹ ਧਰਤੀ ਨਾਲ ਜੁੜਿਆ ਹੁੰਦਾ ਹੈ। ਸਫ਼ਲਤਾ ਉਸ ਨੂੰ ਅੰਬਰ ਤੱਕ ਲੈ ਜਾਂਦੀ ਹੈ। ਸੰਘਰਸ਼ ਦੌਰਾਨ ਇਨਸਾਨ ਦੀ ਜੱਗ ਆਪਣੇ ਆਪ ਨਾਲ ਹੁੰਦੀ ਹੈ। ਜਿੱਤ ਹਾਰ ਉਸ ਰਾਹੀਂ ਕੀਤੀ ਮਿਹਨਤ 'ਤੇ ਨਿਰਭਰ ਕਰਦੀ ਹੈ। ਜੋ ਲੋਕ ਹਰ ਰੋਜ਼ ਆਪਣੇ ਆਪ ਨੂੰ ਬੀਤੇ ਕੱਲ੍ਹ ਨਾਲੋਂ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰਦੇ ਹਨ, ਨਿਸ਼ਚਿਤ ਹੀ ਉਨ੍ਹਾਂ ਦੇ ਇੱਕ ਦਿਨ ਸਫ਼ਲਤਾ ਪੈਰ ਚੁੰਮਦੀ ਹੈ। ਜਿਹੜੇ ਲੋਕ ਸਵੈਪੜਚੋਲ ਨਹੀਂ ਕਰਦੇ , ਉਹ ਕਦੇ ਵੀ ਮੰਜ਼ਿਲ ਤੱਕ ਨਹੀਂ ਪੁੱਜ ਸਕਦੇ। ਸਹੀ ਦਿਸ਼ਾ ਹੀ ਸਾਨੂੰ ਸਫ਼ਲਤਾ ਤੱਕ ਲੈ ਕੇ ਜਾਂਦੀ ਹੈ। ਅਕਸਰ ਜਦੋਂ ਅਸੀਂ ਵਾਰ-ਵਾਰ ਅਸਫ਼ਲ ਹੋ ਰਹੇ ਹੁੰਦੇ ਹਾਂ ਤਾਂ ਸਾਨੂੰ ਕਈ ਵਾਰ ਲੋਕਾਂ ਦੇ ਦਿੱਤੇ ਮਿਹਣੇ , ਸੰਘਰਸ਼, ਚੁਣੌਤੀਆਂ ਹੋਰ ਮਿਹਨਤ ਕਰਨ ਲਈ ਮਜ਼ਬੂਰ ਕਰ ਦਿੰਦੇ ਹਨ। ਸੰਘਰਸ਼ ਦੌਰਾਨ ਸੰਜਮ ਲਾਜ਼ਮੀ ਹੁੰਦਾ ਹੈ। ਸਾਨੂੰ ਦੇਖ ਕੇ ਕਈ ਲੋਕ ਈਰਖਾ ਮਹਿਸੂਸ ਕਰਦੇ ਹਨ ਤੇ ਉਨ੍ਹਾਂ ਦੀ ਇਹੀ ਕੋਸ਼ਿਸ਼ ਰਹਿੰਦੀ ਹੈ ਕਿ ਸਾਡਾ ਧਿਆਨ ਭਟਕਾਇਆ ਜਾਵੇ। ਗੁੱਸਾ ਤਾਂ ਸਾਨੂੰ ਆ ਜਾਂਦਾ ਹੈ, ਪਰ ਅਨੁਸ਼ਾਸਤ ਤੇ ਸੂਝਵਾਨ ਮਨੁੱਖ ਚੁੱਪ ਰਹਿੰਦਾ ਹੈ। ਸਕਾਰਾਤਕ ਨਜ਼ਰੀਏ ਨਾਲ ਲਬਰੇਜ਼ ਵਿਚਾਰ, ਦੁਨੀਆਂ ਨੂੰ ਹੋਰ ਵਧੀਆ ਬਣਾਉਣ ਤੇ ਕਿਸੇ ਲਈ ਪ੍ਰੇਰਨਾ ਸਰੋਤ ਬਣਦੇ ਹਨ। ਜ਼ਿੰਦਗੀ ਵਿੱਚ ਸਾਡਾ ਕੋਈ ਨਾ ਕੋਈ ਰੋਲ ਮਾਡਲ ਜ਼ਰੂਰ ਹੁੰਦਾ ਹੈ, ਜਿਸ ਤੋਂ ਅਸੀਂ ਪ੍ਰੇਰਨਾ ਲੈ ਕੇ ਆਪਣੇ ਸਫ਼ਰ ਨੂੰ ਪੂਰਾ ਕਰਦੇ ਹਾਂ। ਦੂਰਦਰਸ਼ੀ ਤੇ ਚੁਣੌਤੀਆਂ ਸਵੀਕਾਰ ਕਰਨ ਵਾਲਾ , ਗੁਣਾ ਨਾਲ ਲਬਰੇਜ਼ ਇਨਸਾਨ ਦਾ ਨਾਂ ਇਤਿਹਾਸ ਦੇ ਸਫ਼ਿਆਂ 'ਤੇ ਲਿਖਿਆ ਜਾਂਦਾ ਹੈ। ਭਟਕਣਾ ਮਨੁੱਖੀ ਸੁਭਾਅ ਹੈ, ਜਿਸ ਤੋਂ ਸ਼ਾਇਦ ਹੀ ਕੋਈ ਵਿਰਲਾ ਇਨਸਾਨ ਬਚ ਸਕਿਆ ਹੋਵੇ। ਆਪਣਾ ਨਿਸ਼ਾਨਾਂ ਮਿੱਥ ਕੇ ਹਾਲਾਤਾਂ ਨੂੰ ਸਨਮੁੱਖ ਰੱਖ ਕੇ ਆਪਣੀ ਮੰਜ਼ਿਲ ਵੱਲ ਵਧਿਆ ਜਾ ਸਕਦਾ ਹੈ। ਬੁਲੰਦ ਹੌਸਲੇ ਤੇ ਸਫ਼ਲਤਾ ਪ੍ਰਾਪਤ ਕਰਨ ਦੀ ਤਾਂਘ ਹੀ ਸਾਨੂੰ ਮੰਜ਼ਿਲ ਤੱਕ ਲੈ ਕੇ ਜਾਂਦੀ ਹੈ। ❇ ❇ ❇ ❇ ❇

## ਕੈਨੇਡਾ ਵਿੱਚ ਪੰਜਾਬੀਆਂ ਦੀ ਸਰਦਾਰੀ

ਪੰਜਾਬੀ ਜਿੱਥੇ ਵੀ ਜਾਂਦੇ ਹਨ ਆਪਣਾ ਵਿਸ਼ੇਸ਼ ਸਥਾਨ ਬਣਾ ਲੈਂਦੇ ਹਨ। ਕੈਨੇਡਾ ਵਿੱਚ ਪੰਜਾਬੀਆਂ ਦੀ ਆਬਾਦੀ ਦਸ ਲੱਖ ਦੇ ਕਰੀਬ ਹੈ ਜੋਕਿ ਇਸ ਦੇਸ਼ ਦੀ ਕੁੱਲ ਆਬਾਦੀ ਦਾ 2.7% ਬਣਦੀ ਹੈ। ਇੱਥੇ ਪੰਜਾਬੀ ਰੁਜ਼ਗਾਰ ਅਤੇ ਬਿਹਤਰ ਆਰਥਿਕ ਹਾਲਤ ਲਈ ਗਏ ਸਨ। ਪਰ ਹੁਣ ਉਨ੍ਹਾਂ ਨੇ ਆਪਣੀ ਮਿਹਨਤ ਤੇ ਦਿਆਨਤਦਾਰੀ ਨਾਲ ਆਪਣਾ ਜੀਵਨ ਪੱਧਰ ਇੰਨਾਂ ਕੁ ਉੱਚਾ ਕਰ ਲਿਆ ਹੈ ਕਿ ਉਸ ਦੇਸ਼ ਦੀ ਰਾਜਨੀਤੀ ਵਿੱਚ ਵੀ ਸਰਗਰਮ ਭਾਗ ਲੈਣ ਲੱਗੇ ਹਨ। ਇਸ ਦੇਸ਼ ਦੇ 45ਵੇਂ ਹਾਊਸ ਆਫ਼ ਕਾਮਨਜ਼ ਦੀਆਂ 343 ਸੀਟਾਂ ਲਈ 28 ਮਈ, 2025 ਨੂੰ ਹੋਈਆਂ ਚੋਣਾ ਵਿੱਚ 65 ਪੰਜਾਬੀਆਂ ਨੇ ਆਪਣੀ ਕਿਸਮਤ ਅਜਮਾਈ ਕੀਤੀ ਜਿਨ੍ਹਾਂ ਵਿੱਚੋਂ 22 ਨੇ ਸਫ਼ਲਤਾ ਹਾਸਲ ਕੀਤੀ। ਇਸ ਪ੍ਰਕਾਰ ਕੈਨੇਡਾ ਦੀ ਪਾਰਲੀਮੈਂਟ ਵਿੱਚ 6% ਪੰਜਾਬੀ ਹੋ ਗਏ ਹਨ। ਇਹ ਗਿਣਤੀ ਪਿਛਲੀਆਂ ਸਾਰੀਆਂ ਚੋਣਾ ਤੋਂ ਵੱਧ ਹੈ। ਕਈ ਸੀਟਾਂ 'ਤੇ ਤਾਂ ਅਲੱਗ ਅਲੱਗ ਪਾਰਟੀਆਂ ਵਲੋਂ ਇੱਕ ਤੋਂ ਵੱਧ ਪੰਜਾਬੀ ਇੱਕ ਦੂਜੇ ਦੇ ਵਿਰੁੱਧ ਖੜ੍ਹੇ ਸਨ। ਇਸ ਦਾ ਭਾਵ ਹੈ ਕਿ ਪੰਜਾਬੀਆਂ ਨੇ ਕੈਨੇਡਾ ਦੇ ਰਾਜਨੀਤਿਕ ਖੇਤਰ ਵਿੱਚ ਆਪਣੀ ਧਾਂਕ ਜਮਾ ਲਈ ਹੈ। ਇਨ੍ਹਾਂ ਵਿੱਚੋਂ ਚਾਰ ਤਾਂ ਮੰਤਰੀ ਮੰਡਲ ਵਿੱਚ ਵੀ ਸ਼ਾਮਿਲ ਕੀਤੇ ਗਏ ਹਨ। ਇਨ੍ਹਾਂ ਨਾਮਵਰ ਪੰਜਾਬੀਆਂ ਦੇ ਵੇਰਵੇ ਇਸ ਪ੍ਰਕਾਰ ਹਨ-

| | |
|---|---|
| ਇਕਵਿੰਦਰ ਸਿੰਘ ਗਹੀਰ, | ਮਿਸੀਸਿਗਾ |
| ਰੂਬੀ ਸਹੋਤਾ ਕਾਨੂੰਨ ਮੰਤਰੀ, | ਬ੍ਰਾਂਪਟਨ ਉਤਰੀ |
| ਅਨੀਤਾ ਆਨੰਦ ਵਿਦੇਸ਼ ਮੰਤਰੀ | ਓਕਵਿੱਲ ਪੂਰਬੀ |
| ਮਨਿੰਦਰ ਸਿੱਧੂ ਅੰਤਰਰਾਸ਼ਟਰੀ ਵਪਾਰ ਮੰਤਰੀ | ਬ੍ਰਾਂਪਟਨ ਪੂਰਬੀ |
| ਰਨਦੀਪ ਸਿੰਘ ਸਰਾਏ ਅੰਤਰਰਾਸ਼ਟਰੀ ਵਿਕਾਸ ਮੰਤਰੀ | ਸਰੀ ਕੇਂਦਰੀ |
| ਅਮਨਦੀਪ ਸੋਹੀ | ਬ੍ਰਾਂਪਟਨ ਕੇਂਦਰੀ |
| ਬਰਦਿਸ਼ ਚੱਗਰ | ਵਾਟਰਲੂ (ਉਨਟਾਰੀਓ) |
| ਅੰਜੂ ਢਿੱਲੋਂ | ਡੋਰਵਲ ਲਾਚਿਨ(ਕੂਬੈਕ) |
| ਸ਼ੁੱਖ ਧਾਲੀਵਾਲ | ਸਰੀ ਨਿਊਟਨ (ਬੀ.ਸੀ) |
| ਪਰਮ ਬੈਂਸ | ਰਿਚਮੰਡ ਪੂਰਬੀ ਸਟੀਵੈਸਟਨ |
| ਗੁਰਬਖਸ਼ ਸਿੰਘ ਸੈਣੀ | ਫਲੈਟਵੁੱਡ ਪੋਰਟ ਕੈਲਸ |
| ਜਸਰਾਜ ਸਿੰਘ ਹੱਲਨ | ਕੈਲਗਰੀ ਪੂਰਬੀ(ਅਲਬਰਟਾ) |
| ਦਲਵਿੰਦਰ ਗਿੱਲ | ਕੈਲਗਰੀ ਮੈਕਨਾਈਟ |
| ਅਮਨਪ੍ਰੀਤ ਗਿੱਲ | ਕੈਲਗਰੀ ਸਕਾਈ ਵਿਊ |
| ਅਰਪਨ ਖੰਨਾ | ਆਕਸਫੋਰਡ |
| ਟਿੰਮ ਉੱਪਲ | ਐਡਮੈਂਟਨ ਗੇਟਵੇਅ |
| ਪਰਮ ਗਿੱਲ | ਮਿਲਟਨ ਪੂਰਬੀ |
| ਸੁਖਮਨ ਗਿੱਲ | ਐਬਟਸਫੋਰਡ ਸਾਊਥ ਲਾਂਗਲੇਅ |
| ਜਗਸ਼ਰਨ ਸਿੰਘ ਮਾਹਲ | ਐਡਮੈਂਟਨ ਸਾਊਥ ਈਸਟ |
| ਹਰਬ ਗਿੱਲ | ਵਿੰਡਸਰ ਵੈਸਟ(ਉਨਟਾਰੀਓ) |
| ਸੁਖਦੀਪ ਕੰਗ | ਬ੍ਰਾਂਪਟਨ ਸਾਊਥ |
| ਅਮਰਜੀਤ ਗਿੱਲ | ਬ੍ਰਾਂਪਟਨ ਵੈਸਟ |

* * * * *


### ਸੈਣੀ ਭਵਨ ਰੂਪਨਗਰ ਵਿੱਚ ਚਲਦੇ ਕਿੱਤਾ ਸਿਖਲਾਈ ਸੈਂਟਰ

- ਸਿਲਾਈ ਕਢਾਈ ਸੈਂਟਰ
- ਫੈਸ਼ਨ ਡਿਜ਼ਾਇਨਿੰਗ ਸੈਂਟਰ
- ਬਿਊਟੀਸ਼ਿਅਨ ਆਰਟ ਸੈਂਟਰ
- ਕੰਪਿਊਟਰ ਟ੍ਰੇਨਿੰਗ ਸੈਂਟਰ

ਇਨ੍ਹਾਂ ਸੈਂਟਰਾਂ ਵਿੱਚ ਆਪਣੇ ਬੱਚਿਆਂ ਨੂੰ ਦਾਖ਼ਲ ਕਰਵਾ ਕੇ ਉਨ੍ਹਾਂ ਨੂੰ ਪੈਰਾਂ 'ਤੇ ਖੜ੍ਹੇ ਹੋਣ ਵਿੱਚ ਮੱਦਦ ਕਰੋ।

**ਸੁਵਿਧਾਵਾਂ :**

- ਯੋਗਤਾਪ੍ਰਾਪਤ ਅਧਿਆਪਕ
- ਆਧੁਨਿਕ ਸਿਖ਼ਲਾਈ ਸਾਜੋਸਾਮਾਨ
- ਸੁਰੱਖਿਅਤ ਮਾਹੌਲ
- ਵਾਜ਼ਬ ਫ਼ੀਸ ਅਤੇ ਇਸ ਵਿੱਚ ਛੋਟ
- ਆਰਾਮਦਾਇਕ ਸ਼੍ਰੇਣੀ ਕਮਰੇ
- ਸੁਚੱਜੀ ਦੇਖ-ਰੇਖ

**ਸੈਣੀ ਭਵਨ ਦੇ ਹੋਰ ਕਾਰਜ :**

- ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਵਜ਼ੀਫ਼ੇ
- ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਦੀ ਪ੍ਰਕਾਸ਼ਨਾ
- ਛਿਮਾਹੀ ਖ਼ੂਨਦਾਨ ਕੈਂਪ
- ਤਿਉਹਾਰਾਂ ਦੇ ਪ੍ਰੋਗਰਾਮ

# ਸੈਣੀ ਭਵਨ ਦੀਆਂ ਸਰਗਰਮੀਆਂ (ਅਪ੍ਰੈਲ - ਜੂਨ 2025)- ਤਸਵੀਰਾਂ ਦੀ ਜ਼ੁਬਾਨੀ



ਮਾਨਯੋਗ ਹਰਦੀਪ ਸਿੰਘ ਮੁੰਡੀਆਂ, ਮਾਲ ਮੰਤਰੀ ਪੰਜਾਬ ਅਤੇ ਐਡਵੋਕੇਟ ਦਿਨੇਸ਼ ਚੱਢਾ, ਐੱਮ.ਐੱਲ.ਏ ਰੂਪਨਗਰ ਮੈਗਜ਼ੀਨ ਸੈਣੀ ਸੰਸਾਰ ਦਾ 56ਵਾਂ ਅੰਕ ਰਿਲੀਜ਼ ਕਰਦੇ ਹੋਏ।



ਮਾਨਯੋਗ ਹਰਦੀਪ ਸਿੰਘ ਮੁੰਡੀਆਂ, ਮਾਲ ਮੰਤਰੀ ਪੰਜਾਬ, ਐਡਵੋਕੇਟ ਦਿਨੇਸ਼ ਚੱਢਾ, ਐੱਮ.ਐੱਲ.ਏ ਰੂਪਨਗਰ ਅਤੇ ਸੈਣੀ ਭਵਨ ਦੇ ਪ੍ਰਬੰਧਕ ਪੰਜਾਬ ਦੇ ਨਵੇਂ ਚੁਣੇ ਸੈਣੀ ਸਰਪੰਚਾਂ ਦਾ ਸਨਮਾਨ ਕਰਦੇ ਹੋਏ।



ਦਾਨੀ ਸੱਜਣਾਂ ਇੰਜ. ਭਗਵਾਨ ਸਿੰਘ ਪੰਚਕੂਲਾ ਅਤੇ ਇੰਜ. ਰਾਜਵਿੰਦਰ ਸਿੰਘ (ਯੂ.ਕੇ.) ਨੂੰ ਸਨਮਾਨਿਤ ਕਰਦੇ ਹੋਏ ਮੁੱਖ ਮਹਿਮਾਨ




ਸੈਣੀ ਭਵਨ ਦੇ ਪ੍ਰਬੰਧਕਾਂ ਤੋਂ ਸਰਟੀਫਿਕੇਟ ਪ੍ਰਾਪਤ ਕਰਦੀਆਂ ਹੋਈਆਂ ਸਿੱਖਿਆਰਥਣਾਂ

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

# ਸੈਣੀ ਸੰਸਾਰ
# Saini Sansar

Estd. 1971

P U B L I S H E R S

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001